ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH HD
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-12 ISSUE 2181 | 2 August, 2025 Saturday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ਼ ਦੁਨੀਆਂ | +1 (209) 303-1260

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

# ਅਮਰੀਕਾ ਦੇ ਮੋਂਟਾਨਾ ਬਾਰ ਵਿੱਚ ਗੋਲੀਬਾਰੀ ਵਿੱਚ ਚਾਰ ਲੋਕਾਂ ਦੀ ਮੌਤ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਸਥਾਨਕ ਮੀਡੀਆ ਨੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੇ ਹਵਾਲੇ ਨਾਲ ਦੱਸਿਆ ਕਿ ਅਮਰੀਕੀ ਰਾਜ ਮੋਂਟਾਨਾ ਦੇ ਐਨਾਕਾਂਡਾ ਵਿੱਚ ਇੱਕ ਬਾਰ ਵਿੱਚ ਗੋਲੀਬਾਰੀ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ। ਸ਼ਿਨਹੂਆ ਨਿਊਜ਼ ਏਜੰਸੀ ਨੇ ਐਨਬੀਸੀ ਮੋਂਟਾਨਾ ਦੇ ਹਵਾਲੇ ਨਾਲ ਦੱਸਿਆ ਕਿ ਗੋਲੀਬਾਰੀ ਸ਼ੁੱਕਰਵਾਰ ਨੂੰ ਦੱਖਣ-ਪੱਛਮੀ ਮੋਂਟਾਨਾ ਵਿੱਚ ਸਥਿਤ ਇੱਕ ਸ਼ਹਿਰ ਐਨਾਕਾਂਡਾ ਦੇ ਦ ਆਊਲ ਬਾਰ ਵਿੱਚ ਹੋਈ। ਐਨਾਕਾਂਡਾ-ਡੀਅਰ ਲਾਜ ਕਾਊਂਟੀ ਲਾਅ ਇਨਫੋਰਸਮੈਂਟ ਸੈਂਟਰ ਦੁਆਰਾ ਇੱਕ ਫੇਸਬੁੱਕ ਪੋਸਟ ਦੇ ਅਨੁਸਾਰ, ਸ਼ੱਕੀ ਦੀ ਪਛਾਣ ਮਾਈਕਲ ਪਾਲ ਬ੍ਰਾਊਨ ਵਜੋਂ ਹੋਈ ਹੈ। ਪੋਸਟ ਵਿੱਚ ਕਿਹਾ ਗਿਆ ਹੈ, "ਸਾਵਧਾਨ ਰਹੋ ਗੋਲੀਬਾਰੀ ਵਿੱਚ ਸ਼ੱਕੀ ਨੂੰ ਹਥਿਆਰਬੰਦ ਅਤੇ ਖਤਰਨਾਕ ਮੰਨਿਆ ਜਾਂਦਾ ਹੈ।" ਅਧਿਕਾਰੀਆਂ ਨੇ ਫੇਸਬੁੱਕ 'ਤੇ ਸ਼ੱਕੀ ਦੀ ਇੱਕ ਫੋਟੋ ਪੋਸਟ ਕੀਤੀ ਅਤੇ ਜਨਤਾ ਨੂੰ ਸਟੰਪਟਾਊਨ ਖੇਤਰ ਅਤੇ ਆਲੇ ਦੁਆਲੇ ਦੇ ਖੇਤਰਾਂ ਤੋਂ ਬਾਹਰ ਰਹਿਣ ਦੀ ਸਲਾਹ ਦਿੱਤੀ। ਮੋਂਟਾਨਾ ਹਾਈਵੇਅ ਪੈਟਰੋਲ ਨੇ ਇੱਕ ਫੇਸਬੁੱਕ ਪੋਸਟ ਵਿੱਚ ਇਹ ਵੀ ਕਿਹਾ ਕਿ "ਸਟੰਪਟਾਊਨ ਰੋਡ ਅਤੇ ਐਂਡਰਸਨ ਰੈਂਚ ਲੂਪ ਰੋਡ ਦੇ ਨੇੜੇ ਐਨਾਕਾਂਡਾ ਦੇ ਪੱਛਮ ਵਿੱਚ ਭਾਰੀ ਕਾਨੂੰਨ ਲਾਗੂ ਕਰਨ ਵਾਲੇ ਮੌਜੂਦ ਹਨ।" "ਅਧਿਕਾਰੀਆਂ ਹਥਿਆਰਬੰਦ ਮੰਨੇ ਜਾਣ ਵਾਲੇ ਇੱਕ ਸ਼ੱਕੀ ਦੀ ਭਾਲ ਕਰ ਰਹੀਆਂ ਹਨ। ਕਿਰਪਾ ਕਰਕੇ ਖੇਤਰ ਤੋਂ ਬਚੋ," ਏਜੰਸੀ ਨੇ ਅੱਗੇ ਕਿਹਾ। ਜਿਵੇਂ ਹੀ ਗੋਲੀਬਾਰੀ ਦੀਆਂ ਰਿਪੋਰਟਾਂ ਸ਼ਹਿਰ ਵਿੱਚ ਫੈਲੀਆਂ, ਕਾਰੋਬਾਰੀ ਮਾਲਕਾਂ ਨੇ ਆਪਣੇ ਦਰਵਾਜ਼ੇ ਬੰਦ ਕਰ ਲਏ ਅਤੇ ਗਾਹਕਾਂ ਨਾਲ ਅੰਦਰ ਪਨਾਹ ਲੈ ਲਈ। ਗੋਲੀਬਾਰੀ ਵਾਲੀ ਥਾਂ ਤੋਂ ਕੁਝ ਬਲਾਕ ਦੂਰ ਇੱਕ ਨਰਸਰੀ, ਕੈਟਰਪਿਲਰਜ਼ ਟੂ ਬਟਰਫਲਾਈਜ਼ ਚਾਈਲਡਕੇਅਰ ਵਿਖੇ, ਮਾਲਕ ਸੇਜ ਹੂਟ ਨੇ ਕਿਹਾ ਕਿ ਕਿਸੇ ਨੇ ਉਸਨੂੰ ਹਿੰਸਾ ਬਾਰੇ ਦੱਸਣ ਲਈ ਫ਼ੋਨ ਕੀਤਾ ਸੀ, ਜਿਸ ਤੋਂ ਬਾਅਦ ਉਸਨੇ ਬੱਚਿਆਂ ਨੂੰ ਸਾਰਾ ਦਿਨ ਅੰਦਰ ਰੱਖਿਆ। ਐਨਾਕਾਂਡਾ ਵਿੱਚ ਫਾਇਰਫਲਾਈ ਕੈਫੇ ਦੀ ਮਾਲਕਣ ਨੇ ਕਿਹਾ ਕਿ ਉਸਨੇ ਸ਼ੁੱਕਰਵਾਰ ਸਵੇਰੇ 11 ਵਜੇ ਦੇ ਕਰੀਬ ਆਪਣੇ ਕਾਰੋਬਾਰ ਨੂੰ ਬੰਦ ਕਰ ਦਿੱਤਾ ਜਦੋਂ ਉਸਨੂੰ ਇੱਕ ਦੋਸਤ ਦੁਆਰਾ ਗੋਲੀਬਾਰੀ ਦੀ ਸੂਚਨਾ ਮਿਲੀ। "ਅਸੀਂ ਮੋਂਟਾਨਾ ਤੋਂ ਹਾਂ, ਇਸ ਲਈ ਬੰਦੂਕਾਂ ਸਾਡੇ ਲਈ ਨਵੀਆਂ ਨਹੀਂ ਹਨ," ਕੈਫੇ ਦੀ ਮਾਲਕਣ ਬਾਰਬੀ ਨੇਲਸਨ ਨੇ ਕਿਹਾ। "ਸਾਡੇ ਸ਼ਹਿਰ ਨੂੰ ਬੰਦ ਕਰਨ ਲਈ, ਹਰ ਕੋਈ ਕਾਫ਼ੀ ਘਬਰਾ ਗਿਆ ਹੈ।"




# ਸਰਹੱਦ ਪਾਰ ਹਥਿਆਰਾਂ ਦੀ ਤਸਕਰੀ ਦੇ ਨੈੱਟਵਰਕ ਨੂੰ ਵੱਡਾ ਝਟਕਾ
## ਅੰਮ੍ਰਿਤਸਰ ਵਿੱਚ 7 ਪਿਸਤੌਲਾਂ ਸਮੇਤ ਚਾਰ ਨਾਬਾਲਗ ਗ੍ਰਿਫ਼ਤਾਰ

**ਅੰਮ੍ਰਿਤਸਰ ਸਾਂਝੀ ਸੋਚ ਬਿਊਰੋ**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਇੱਕ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਇੱਕ ਵੱਡੀ ਕਾਰਵਾਈ ਕਰਦਿਆਂ, ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਇੱਕ ਨਾਬਾਲਗ ਸਮੇਤ ਚਾਰ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਕੇ ਸਰਹੱਦ ਪਾਰ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਦੋ ਵੱਖ-ਵੱਖ ਮਾਡਿਊਲਾਂ ਦਾ ਪਰਦਾਫਾਸ਼ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਸੱਤ ਆਧੁਨਿਕ ਪਿਸਤੌਲ ਬਰਾਮਦ ਕੀਤੇ ਹਨ, ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ੁੱਕਰਵਾਰ ਨੂੰ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਪਿੰਡ ਭਗਵਾਨਪੁਰਾ, ਤਰਨਤਾਰਨ ਦੇ ਸਿਕੰਦਰਜੀਤ ਸਿੰਘ (19); ਅੰਤਰਜਾਮੀ ਕਲੋਨੀ, ਅੰਮ੍ਰਿਤਸਰ ਦੇ ਪ੍ਰਦੀਪ ਸਿੰਘ ਉਰਫ਼ ਬੱਬਲ (43); ਨਿਊ ਸ਼ਹੀਦ ਊਧਮ ਸਿੰਘ ਨਗਰ, ਅੰਮ੍ਰਿਤਸਰ ਦੇ ਜਰਨੈਲ ਸਿੰਘ (34) ਅਤੇ ਤਰਨਤਾਰਨ ਤੋਂ ਇੱਕ 17 ਸਾਲਾ ਨਾਬਾਲਗ ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਦੋ ਗਲੌਕ ਪਿਸਤੌਲ, ਚਾਰ .30 ਬੋਰ ਸਟਾਰ ਪਿਸਤੌਲ ਅਤੇ ਇੱਕ .32 ਬੋਰ ਪਿਸਤੌਲ ਦੇ ਨਾਲ ਛੇ ਜ਼ਿੰਦਾ ਕਾਰਤੂਸ ਸ਼ਾਮਲ ਹਨ। ਹਥਿਆਰ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਨ੍ਹਾਂ ਦਾ ਮੋਟਰਸਾਈਕਲ ਵੀ ਬਰਾਮਦ ਕੀਤਾ ਹੈ, ਜਿਸਦੀ ਵਰਤੋਂ ਉਹ ਖੇਪ ਪਹੁੰਚਾਉਣ ਲਈ ਕਰ ਰਹੇ ਸਨ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਮੁਲਜ਼ਮ ਪਾਕਿਸਤਾਨ ਸਥਿਤ ਤਸਕਰਾਂ ਦੇ ਸੰਪਰਕ ਵਿੱਚ ਸਨ ਅਤੇ ਉਨ੍ਹਾਂ ਨੇ ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਹਥਿਆਰਾਂ ਦੀ ਖੇਪ ਬਰਾਮਦ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਹਥਿਆਰ ਗੈਂਗ ਦੁਸ਼ਮਣੀਆਂ ਨੂੰ ਹਵਾ ਦੇਣ ਅਤੇ ਖੇਤਰ ਵਿੱਚ ਸ਼ਾਂਤੀ ਭੰਗ ਕਰਨ ਲਈ ਸਨ। ਡੀਜੀਪੀ ਨੇ ਕਿਹਾ ਕਿ ਪੂਰੇ ਤਸਕਰੀ ਨੈੱਟਵਰਕ ਦਾ ਪਤਾ ਲਗਾਉਣ ਲਈ ਅੱਗੇ ਅਤੇ ਪਿੱਛੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ। ਕਾਰਵਾਈ ਦੇ ਵੇਰਵੇ ਸਾਂਝੇ ਕਰਦੇ ਹੋਏ, ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਮੁਲਜ਼ਮ ਸਿਕੰਦਰ ਇੱਕ ਨਾਬਾਲਗ ਦੇ ਨਾਲ ਪਾਕਿਸਤਾਨ ਸਥਿਤ ਤਸਕਰਾਂ ਦੇ ਸੰਪਰਕ ਵਿੱਚ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਘਰ ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਹੈ ਅਤੇ ਉਨ੍ਹਾਂ ਦੁਆਰਾ ਪ੍ਰਦਾਨ ਕੀਤੇ ਗਏ ਸਥਾਨਾਂ ਤੋਂ ਡਰੋਨ ਸੁੱਟੀਆਂ ਗਈਆਂ ਖੇਪਾਂ ਨੂੰ ਪ੍ਰਾਪਤ ਕੀਤਾ ਗਿਆ ਹੈ।

GINNY BEDI LAW PC
Immigration
Divorce
Custody and Support issues
Business Disputes
Living Trusts
Criminal Matters
Misdemeanors
DUI
Ginny Bedi Attorney
ਤੁਸੀਂ ਸਾਡੇ ਨਾਲ ਪੰਜਾਬੀ ਵਿੱਚ ਗੱਲਬਾਤ ਕਰ ਸਕਦੇ ਹੋ।
255 N Market St Ste 150 San Jose CA 95110
Tel: (408) 800-0242 Fax: (408) 800-0240, Mobile: (408) 802-2501
Email: ginny@ginnybedilaw.com Web: www.ginnybedilaw.com

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
CalDRE # 02115235
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

PAL FILMS & PHOTO BOOKS
WWW.PALFILMS.COM
All Your Photo/Videography & Post Production needs Under One Roof
Music Video | Pre Shoots | Weddings | Birthdays | Graduations Stage Shows Or Any Kind Of Events | Customize Photobooks (upto 6 feet) Video Editing VFX/DI/CC & Much More....
Full Photo & Videography studio with Green Screen Blue Screen
PH: (925) 489 3400, (341) 356 1517
4007 Railroad Ave Pittsburgh, CA 94565 | Email: palfilms@yahoo.com, palfilms925@gmail.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

**CALL TODAY TO BUY/SELL YOUR REAL ESTATE/ BUSINESS**





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties

For more properties or business, contact us.






**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


OPEN
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ
ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ,
ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ,
ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ
ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ
ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ
ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road, Suite H2-167 Modesto, CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਸ਼ੰਕਰ: ਜਿਸ ਨੇ ਬੱਚਿਆਂ ਲਈ ਸੁਪਨੇ ਬੁਣੇ

ਭਾਰਤ ਵਿਚ ਪੁਸਤਕਾਂ ਦੀ ਦੁਨੀਆਂ ਵਿਚ ਬਾਲ-ਸਾਹਿਤ ਨੂੰ ਸੁਤੰਤਰ ਪਛਾਣ ਦੇਣ ਅਤੇ ਇਸ ਨੂੰ ਅੱਗੇ ਵਧਾਉਣ ਵਿਚ ਸ਼ੰਕਰ ਦਾ ਨਾਂ ਸਭ ਤੋ ਪਹਿਲਾਂ ਹੈ। 'ਸ਼ੰਕਰ' ਦੇ ਨਾਂ ਨਾਲ ਮਸ਼ਹੂਰ, ਕੇਸ਼ਵ ਸ਼ੰਕਰ ਪਿੱਲੇ, ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੱਕ ਬਹੁਤ ਹੀ ਪ੍ਰਤਿਭਾਸ਼ਾਲੀ ਅਤੇ ਮਸ਼ਹੂਰ ਕਾਰਟੂਨਿਸਟ ਹੋ ਗੁਜ਼ਰਿਆ ਹੈ। ਦਿੱਲੀ ਵਿੱਚ ਚਿਲਡਰਨਜ਼ ਬੁੱਕ ਟਰੱਸਟ (ਸੀ.ਬੀ.ਟੀ.), ਸ਼ੰਕਰਜ਼ ਇੰਟਰਨੈਸ਼ਨਲ ਡੌਲ ਮਿਊਜ਼ੀਅਮ, ਸ਼ੰਕਰਜ਼ ਅਕੈਡਮੀ ਆਫ਼ ਆਰਟ, ਸੀ.ਡਬਲਿਊ. (ਚਿਲਡਰਨ ਵਰਲਡ) ਮੈਗਜ਼ੀਨ, ਇੰਦਰਪ੍ਰਸਥ ਪ੍ਰੈੱਸ ਅਤੇ ਡਾ: ਬੀ.ਸੀ. ਰਾਏ ਮੈਮੋਰੀਅਲ ਚਿਲਡਰਨਜ਼ ਰੀਡਿੰਗ ਰੂਮ ਅਤੇ ਲਾਇਬ੍ਰੇਰੀ ਦੀ ਸਥਾਪਨਾ ਕਰਨ ਵਾਲੇ ਸ਼ੰਕਰ ਨੂੰ ਵਿਸ਼ਵ ਭਰ ਦੇ ਹਜ਼ਾਰਾਂ ਬੱਚੇ ਉਸ ਦੇ ਲਿਖਣ ਅਤੇ ਪੇਂਟਿੰਗ ਦੇ ਅੰਤਰਰਾਸ਼ਟਰੀ ਮੁਕਾਬਲੇ (ਆਨ ਦ ਸਪਾਟ ਪੇਂਟਿੰਗ ਮੁਕਾਬਲੇ) ਕਰਕੇ ਜਾਣਦੇ ਹਨ।

ਕੇਸ਼ਵ ਸ਼ੰਕਰ ਪਿੱਲੇ ਦਾ ਜਨਮ 31 ਜੁਲਾਈ, 1902 ਨੂੰ ਟ੍ਰਾਇਨਕੋਰ, ਜੋ ਕਦੇ ਇੱਕ 'ਪ੍ਰਿੰਸਲੀ ਸਟੇਟ' ਸੀ, ਦੇ ਇੱਕ ਛੋਟੇ ਜਿਹੇ ਪਿੰਡ ਕਾਯਮਗੁਲਮ ਵਿੱਚ ਹੋਇਆ ਸੀ। ਬਚਪਨ ਵਿਚ ਹੀ ਉਸ ਦੇ ਪਿਤਾ ਦੀ ਮੌਤ ਹੋ ਗਈ ਸੀ। ਉਹਦਾ ਬਚਪਨ ਉਸਦੇ ਨਾਨਕੇ ਕਾਯਮਗੁਲਮ ਵਿੱਚ ਬੀਤਿਆ ਅਤੇ ਮੁੱਢਲੀ ਪੜ੍ਹਾਈ ਵੀ ਉਥੇ ਹੀ ਹੋਈ। ਕੇਰਲ ਵਿੱਚ ਟ੍ਰਾਯਨਕੋਰ, ਕੋਚੀਨ ਅਤੇ ਮਾਲਾਬਾਰ ਆਦਿ ਥਾਵਾਂ ਪ੍ਰਾਕਿਰਤਕ ਸੁੰਦਰਤਾ ਅਤੇ ਖੁਸ਼ਹਾਲ ਸੰਸਕ੍ਰਿਤੀ ਲਈ ਪ੍ਰਸਿੱਧ ਹਨ। ਇਸ ਪਿੱਠਭੂਮੀ ਵਿੱਚ ਪਲੇ-ਵਧੇ ਹੋਣ ਕਰਕੇ ਸ਼ੰਕਰ ਵਿੱਚ ਪ੍ਰਕਿਰਤੀ ਪ੍ਰਤੀ, ਉਸ ਵਿੱਚ ਮਿਲਣ ਵਾਲੇ ਰੰਗਾਂ ਅਤੇ ਧੁਨੀ ਨਾਲ ਪ੍ਰੇਮ ਸੀ। ਉਸਨੇ ਸਹਿਜਤਾ ਨਾਲ ਆਪਣੀ ਕਿਸ਼ੋਰ-ਉਮਰ ਦੇ ਆਦਰਸ਼ ਅਤੇ ਸੁਪਨਿਆਂ ਨੂੰ ਬੁਣਿਆ। ਉਨ੍ਹਾਂ ਸੁਪਨਿਆਂ ਨੇ ਉਸਨੂੰ ਪ੍ਰੇਰਿਤ ਕੀਤਾ। ਨਾਨਕੇ-ਘਰ ਉਹਦੀ ਉਮਰ ਦਾ ਕੋਈ ਦੋਸਤ ਨਹੀਂ ਸੀ। ਇਸ ਲਈ ਉਹ ਰੁੱਖਾਂ ਅਤੇ ਜੰਗਲੀ ਵੇਲਾਂ ਨਾਲ ਘਿਰੇ ਆਪਣੇ ਘਰ ਦੇ ਖੁੱਲ੍ਹੇ ਵਿਹੜੇ ਵਿੱਚ ਇਕੱਲਾ ਹੀ ਚੱਕਰ ਲਾਉਂਦਾ ਰਹਿੰਦਾ। ਮਧੂਮੱਖੀ, ਚਿੜੀ, ਗਾਂ, ਮੱਝ ਉਸ ਦੇ ਮਿੱਤਰ ਸਨ। ਉਹ ਪੜ੍ਹਾਈ ਵਿੱਚ ਹੁਸ਼ਿਆਰ ਸੀ। ਉਸ ਨੂੰ ਸੁਆਦੀ ਭੋਜਨ ਅਤੇ ਖਾਣਾ ਬਣਾਉਣਾ ਦੋਵੇਂ ਹੀ ਪਸੰਦ ਸਨ। ਉਸਨੂੰ ਉਸ ਸਮੇਂ ਵੀ ਤਸਵੀਰਾਂ ਖਿੱਚਣਾ ਜਾਂ ਕਾਰਟੂਨ ਬਣਾਉਣਾ ਪਸੰਦ ਸੀ। ਜਦੋਂ ਉਹ ਕਰੀਬ ਅੱਠ ਸਾਲ ਦਾ ਸੀ, ਉਦੋਂ ਇੱਕ ਵਾਰ ਉਸਦਾ ਗਣਿਤ ਮਾਸਟਰ ਛੁੱਟੀ 'ਤੇ ਸੀ, ਹੈੱਡਮਾਸਟਰ ਉਸਦੀ ਕਲਾਸ ਵਿੱਚ ਗਣਿਤ ਪੜ੍ਹਾਉਣ ਆਇਆ। ਹੈੱਡਮਾਸਟਰ ਨੇ ਬੱਚਿਆਂ ਨੂੰ ਪੰਜ ਸਵਾਲ ਦਿੱਤੇ ਅਤੇ ਆਪਣੇ ਪੈਰ ਮੇਜ਼ 'ਤੇ ਰੱਖ ਕੇ ਊਂਘਣ ਲੱਗ ਪਿਆ। ਸ਼ੰਕਰ ਨੇ ਆਪਣਾ ਸੁਆਲ ਹੱਲ ਕਰਕੇ ਕਲਾਸ ਵਿੱਚ ਸੁੱਤੇ ਪਏ ਹੈੱਡਮਾਸਟਰ ਦਾ ਚਿੱਤਰ ਬਣਾਇਆ। ਉਸ ਨੂੰ ਦੇਖ ਕੇ ਉਸ ਦੇ ਸਾਥੀਆਂ ਨੇ ਕਿਹਾ ਕਿ ਹੈੱਡਮਾਸਟਰ ਕਿੰਨਾ ਮਜ਼ਾਕੀਆ ਲੱਗ ਰਿਹਾ ਹੈ ਅਤੇ ਇਹ ਕਹਿੰਦਿਆਂ ਹੱਸ-ਹੱਸ ਕੇ ਲੋਟਪੋਟ ਹੋਣ ਲੱਗੇ। ਸ਼ੰਕਰ ਨੇ ਮਹਾਰਾਜਾ ਕਾਲਜ ਆਫ਼ ਸਾਇੰਸ, ਤ੍ਰਿਵੇਂਦਰਮ ਤੋਂ ਗ੍ਰੈਜੂਏਸ਼ਨ ਕੀਤੀ। ਇਸ ਤੋਂ ਬਾਅਦ ਉਹ ਕਾਨੂੰਨ ਦੀ ਪੜ੍ਹਾਈ ਲਈ ਬੰਬਈ (ਅਜੋਕੀ ਮੁੰਬਈ) ਚਲਾ ਗਿਆ। ਭਾਰਤ ਦੇ ਪੱਛਮੀ ਤੱਟ 'ਤੇ ਵਿਸ਼ਾਲ ਅਰਬ ਸਾਗਰ ਦੇ ਕੰਢੇ 'ਤੇ ਸਥਿਤ ਸ਼ਾਨਦਾਰ ਸ਼ਹਿਰ ਬੰਬਈ। ਜਦੋਂ ਸ਼ੰਕਰ ਸੰਨ 1927 ਵਿਚ ਉੱਥੇ ਪਹੁੰਚਿਆ ਤਾਂ ਉਸ ਨੇ ਦੇਖਿਆ ਕਿ ਇਹ ਸ਼ਹਿਰ ਦੇਸ਼ ਦੇ ਹਰ ਵਰਗ ਅਤੇ ਹਰ ਕੋਨੇ ਤੋਂ ਆਏ ਲੋਕਾਂ ਨਾਲ ਭਰਿਆ ਹੋਇਆ ਸੀ, ਜਿਨ੍ਹਾਂ ਦੀਆਂ ਰਗਾਂ ਅਤੇ ਚੇਤਨਾ ਵਿੱਚ ਆਜ਼ਾਦੀ ਤੋਂ ਪਹਿਲਾਂ ਦੇ ਅੰਦੋਲਨਾਂ ਦਾ ਪ੍ਰਵਾਹ ਚੱਲ ਰਿਹਾ ਸੀ। ਇੱਥੇ ਉਸ ਨੂੰ ਲੋਕਾਂ ਉਪਰ ਚਿੱਤਰ ਬਣਾਉਣ ਲਈ ਚੰਗਾ ਵਿਸ਼ਾ ਮਿਲਣਾ ਸੀ, ਕਿਉਂਕਿ ਕਾਰਟੂਨ ਬਣਾਉਣਾ ਉਸਦਾ ਸ਼ੌਕ ਜੋ ਸੀ। ਸ਼ੰਕਰ ਨੂੰ ਆਜ਼ਾਦੀ ਪ੍ਰਾਪਤ ਕਰਨ ਲਈ ਆਪਣੇ ਦੇਸ਼ ਵਿੱਚ ਹੋਣ ਵਾਲੀ ਉਥਲ-ਪੁਥਲ ਦੀ ਸਥਿਤੀ ਬਾਰੇ ਚੰਗੀ ਤਰ੍ਹਾਂ ਪਤਾ ਸੀ। ਉਸ ਵਿੱਚ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਦੀ ਇੱਛਾ ਸੀ ਅਤੇ ਇਸ ਲਈ ਉਸ ਨੇ ਕਾਰਟੂਨ ਬਣਾਉਣ ਦਾ ਮਾਧਿਅਮ ਚੁਣਿਆ। ਉਸ ਨੇ ਉਸ ਸਮੇਂ ਦੀ ਸਿਆਸੀ ਸਥਿਤੀ ਦਾ ਮਜ਼ਾਕ ਉਡਾਇਆ। ਉਸਨੇ ਸਿਆਸਤਦਾਨਾਂ ਅਤੇ ਰਾਸ਼ਟਰੀ ਘਟਨਾਵਾਂ 'ਤੇ ਕੇਂਦ੍ਰਿਤ ਕਾਰਟੂਨ ਬਣਾਉਣੇ ਸ਼ੁਰੂ ਕਰ ਦਿੱਤੇ। ਜਿਸਨੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਇਸ ਤਰ੍ਹਾਂ ਕਾਰਟੂਨ ਬਣਾਉਣਾ ਉਸ ਦਾ ਜਨੂੰਨ ਬਣ ਗਿਆ ਅਤੇ ਇਸੇ ਬੰਬਈ ਵਿਚ ਉਸ ਦੀ ਰੋਜ਼ੀ-ਰੋਟੀ ਦਾ ਆਧਾਰ ਬਣਿਆ। ਇਸੇ ਆਧਾਰ 'ਤੇ ਉਸ ਨੂੰ 1932 ਵਿਚ 'ਦ ਹਿੰਦੁਸਤਾਨ ਟਾਈਮਜ਼' ਵਿਚ ਨੌਕਰੀ ਮਿਲ ਗਈ, ਜਿੱਥੇ ਉਹ 1946 ਤੱਕ ਰਿਹਾ।

ਸੁਤੰਤਰਤਾ ਦੇ ਮੁੱਢਲੇ ਵਰ੍ਹਿਆਂ ਵਿੱਚ ਅਖਬਾਰ ਵਿੱਚ ਉਸਦਾ ਯੋਗਦਾਨ ਭਾਰਤੀ ਪੱਤਰਕਾਰੀ ਵਿੱਚ ਇੱਕ ਯਾਦਗਾਰ ਪੜਾਅ ਹੈ। ਸਾਲ 1939 ਦੀ ਗੱਲ ਹੈ, ਜਦੋਂ ਗਾਂਧੀ ਜੀ ਵਰਧਾ ਵਿੱਚ ਸਨ। ਸ਼ੰਕਰ ਉਸ ਮਹਾਨ ਨੇਤਾ ਨੂੰ ਮਿਲਣ ਗਿਆ। ਗਾਂਧੀ ਜੀ ਨੇ ਉਸ ਨੂੰ ਅੰਦਰ ਬੁਲਾਇਆ ਅਤੇ ਪੁੱਛਿਆ, "ਸ਼ੰਕਰ, ਇੱਕ ਗੱਲ ਈਮਾਨਦਾਰੀ ਨਾਲ ਦੱਸ। ਤੂੰ 'ਦ ਹਿੰਦੁਸਤਾਨ ਟਾਈਮਜ਼' ਨੂੰ ਪ੍ਰਸਿੱਧ ਕੀਤਾ ਜਾਂ 'ਦ ਹਿੰਦੁਸਤਾਨ ਟਾਈਮਜ਼' ਨੇ ਤੈਨੂੰ? ਜਵਾਬ ਵਿੱਚ ਸ਼ੰਕਰ ਸਿਰਫ ਮੁਸਕਰਾ ਪਿਆ।

ਇੱਕ ਕਾਰਟੂਨ ਸ਼ੰਕਰ ਨੇ ਇੰਗਲੈਂਡ ਵਿੱਚ ਦੂਜੀ ਗੋਲਮੇਜ਼ ਕਾਨਫਰੰਸ ਦੇ ਵਿਲੀਅਮ ਅਤੇ ਤੀਜੀ ਗੋਲਮੇਜ਼ ਕਾਨਫਰੰਸ ਦੇ ਗਠਨ ਉੱਤੇ ਬਣਾਇਆ ਸੀ, ਜਿਸ ਵਿੱਚ ਗਾਂਧੀ ਜੀ ਨੂੰ ਹਿੱਸਾ ਲੈਣ ਲਈ ਸੱਦਾ ਦਿੱਤਾ ਗਿਆ ਸੀ। ਇਸ ਦਾ ਸਿਰਲੇਖ ਸੀ- 'ਪੁਲਿਸ ਨੇ ਘੱਟ ਤੋਂ ਘੱਟ ਫੋਰਸ ਨਾਲ ਭੀੜ ਨੂੰ ਖਿੰਡਾਇਆ।' ਕਾਰਟੂਨ ਵਿੱਚ ਗਾਂਧੀ ਜੀ ਦੀ ਅਗਵਾਈ ਵਿੱਚ ਭਾਰਤੀ ਵਫ਼ਦ ਨੂੰ ਇੱਕ ਭੀੜ ਦੇ ਰੂਪ ਵਿੱਚ, ਸਰ ਸੈਮੂਅਲ ਹੋਰੇ ਨੂੰ ਇੱਕ ਪੁਲਿਸ ਕਰਮਚਾਰੀ ਦੇ ਰੂਪ ਵਿੱਚ ਅਤੇ ਸਰ ਵਿੰਸਟਨ ਚਰਚਿਲ ਨੂੰ ਇੱਕ ਪੁਲਿਸ ਸੁਪਰਡੈਂਟ ਵਜੋਂ ਦਰਸਾਇਆ ਗਿਆ ਸੀ। ਇਸਨੇ ਅਖਬਾਰਾਂ ਦੇ ਸੰਪਾਦਕਾਂ ਅਤੇ ਪਾਠਕਾਂ ਵਿੱਚ ਹਲਚਲ ਮਚਾ ਦਿੱਤੀ ਅਤੇ ਸ਼ੰਕਰ ਦਾ ਨਾਮ ਫਿਰ ਸੁਰਖੀਆਂ ਵਿੱਚ ਆ ਗਿਆ। ਬੰਬਈ ਵਿੱਚ ਰਹਿਣ ਦੌਰਾਨ ਉਹ ਕਲਾ ਦੀ ਪੜ੍ਹਾਈ ਕਰਨ ਲਈ ਲੰਡਨ ਚਲਾ ਗਿਆ। ਉੱਥੇ ਉਸਨੇ ਡਰਾਇੰਗ ਅਤੇ ਪੇਂਟਿੰਗ ਦੇ ਕਈ ਰੂਪ ਸਿੱਖੇ। ਇਸ ਤੋਂ ਬਾਅਦ ਸ਼ੰਕਰ ਨੇ ਬੰਬਈ ਛੱਡ ਦਿੱਤੀ ਅਤੇ ਦਿੱਲੀ ਆ ਕੇ 'ਹਿੰਦੁਸਤਾਨ ਟਾਈਮਜ਼' ਵਿੱਚ ਸਟਾਫ਼ ਕਾਰਟੂਨਿਸਟ ਵਜੋਂ ਤਾਇਨਾਤ ਹੋ ਗਿਆ। ਇੱਥੇ ਉਹ ਚੌਦਾਂ ਸਾਲ ਰਿਹਾ। ਇਸ ਤੋਂ ਬਾਅਦ ਉਸ ਨੇ 'ਦ ਹਿੰਦੁਸਤਾਨ ਟਾਈਮਜ਼' ਵਿੱਚ ਕਾਰਟੂਨ ਬਣਾਉਣਾ ਛੱਡ ਦਿੱਤਾ ਅਤੇ ਆਪਣਾ ਮੈਗਜ਼ੀਨ 'ਸ਼ੰਕਰਜ਼ ਵੀਕਲੀ' ਸ਼ੁਰੂ ਕੀਤਾ। ਇਸ ਤਰ੍ਹਾਂ ਉਸਨੇ ਇੱਕ ਨਵਾਂ ਕੰਮ ਸ਼ੁਰੂ ਕਰਨ ਲਈ ਕਲਮ ਚੁੱਕੀ, ਜੋ ਬੱਚਿਆਂ ਲਈ ਸੁਪਨੇ ਬੁਣਨਾ ਸੀ। ਬੱਚਿਆਂ ਲਈ ਸੁਪਨੇ ਦੇਖਦੇ ਹੋਏ ਉਸ ਨੇ ਇੱਕ ਅਜਿਹੀ ਲਹਿਰ ਚਲਾਈ, ਜਿਸ ਨੇ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਤੋਂ ਵੱਖਰੀ ਪਛਾਣ ਦਿੱਤੀ।

ਸ਼ੰਕਰ ਦੇ ਮਨ ਵਿੱਚ ਹਮੇਸ਼ਾ ਨਵੇਂ ਵਿਚਾਰ ਉਗਮਦੇ ਰਹਿੰਦੇ ਸਨ। 'ਹੋ ਨਹੀਂ ਸਕਦਾ' ਦਾ ਸ਼ਬਦ ਉਸ ਦੇ ਸ਼ਬਦਕੋਸ਼ ਵਿਚ ਨਹੀਂ ਸੀ। ਜੋ ਉਹ ਸੋਚਦਾ ਸੀ, ਉਹਨੂੰ ਕਰਨ ਵਿੱਚ ਜੁਟ ਜਾਂਦਾ। ਇਨ੍ਹੀਂ ਦਿਨੀਂ ਜਦੋਂ ਉਹ ਰਾਜਧਾਨੀ ਦੀਆਂ ਵੱਖ-ਵੱਖ ਕਲਾ ਪ੍ਰਦਰਸ਼ਨੀਆਂ ਦੇਖਣ ਜਾਂਦਾ ਸੀ, ਤਾਂ ਉਸ ਨੂੰ ਲੱਗਦਾ ਸੀ ਕਿ ਵੱਖ-ਵੱਖ ਕਲਾਕ੍ਰਿਤੀਆਂ ਨੂੰ ਬਿਹਤਰ ਬਣਾਇਆ ਜਾ ਸਕਦਾ ਹੈ। ਇਹ ਗੱਲ ਉਹ ਚਿੱਤਰਕਾਰਾਂ ਨੂੰ ਵੀ ਕਹਿੰਦਾ ਸੀ। ਪਰ ਬਾਅਦ ਵਿਚ ਉਸ ਨੇ ਮਹਿਸੂਸ ਕੀਤਾ ਕਿ ਮੈਂ ਇਨ੍ਹਾਂ ਮਹਾਨ ਸ਼ਖਸੀਅਤਾਂ ਦੇ ਚਿੱਤਰਾਂ ਵਿਚ ਬਹੁਤ ਜ਼ਿਆਦਾ ਕਮੀਆਂ ਨੂੰ ਉਜਾਗਰ ਕਰ ਦਿੱਤਾ ਹੈ। ਹੁਣ ਕਿਉਂ ਨਾ ਇਨ੍ਹਾਂ ਨੂੰ ਉਨ੍ਹਾਂ ਦੀ ਕਿਸਮਤ 'ਤੇ ਛੱਡ ਦਿੱਤਾ ਜਾਵੇ? ਹੁਣ ਕਿਉਂ ਨਾ ਮੈਂ ਬੱਚਿਆਂ ਵਿੱਚ ਇਸ ਸੰਭਾਵਨਾ ਦੀ ਤਲਾਸ਼ ਕਰਾਂ। ਅਤੇ ਇਹ ਤਾਂ ਹੀ ਹੋ ਸਕਦਾ ਹੈ ਜਦੋਂ ਬੱਚਿਆਂ ਨੂੰ ਛੋਟੀ ਉਮਰ ਵਿੱਚ ਕਲਾ ਵਿੱਚ ਰੁਚੀ ਲੈਣ ਲਈ ਉਤਸ਼ਾਹਿਤ ਕੀਤਾ ਜਾਵੇ। ਬੱਚੇ ਸੁੰਦਰ, ਮਾਸੂਮ ਅਤੇ ਪਿਆਰੇ ਹੁੰਦੇ ਹਨ। ਉਹਨਾਂ ਨੂੰ ਹਰ ਚੀਜ਼ ਬਿਹਤਰ ਮਿਲਣੀ ਚਾਹੀਦੀ ਹੈ। ਇੱਥੋਂ ਹੀ 1948 ਵਿੱਚ ਉਸ ਦੇ ਮਨ ਵਿੱਚ ਇੱਕ ਵਿਚਾਰ ਨੇ ਜਨਮ ਲਿਆ ਅਤੇ ਉਹ ਸੀ- 'ਚਿਲਡਰਨ ਕੰਪੀਟੀਸ਼ਨ ਇਨ ਡਰਾਇੰਗ ਐਂਡ ਰਾਈਟਿੰਗ' ਦਾ ਐਲਾਨ। ਇਸ ਮੁਕਾਬਲੇ ਲਈ ਉਸਨੇ ਸ੍ਰੀ ਬੀ. ਸੀ. ਸਾਨਿਆਲ ਅਤੇ ਸ੍ਰੀ ਕੇ. ਐੱਸ. ਕੁਲਕਰਨੀ ਵਰਗੇ ਕਲਾਕਾਰਾਂ ਦੀ ਇੱਕ ਜਿਊਰੀ ਦਾ ਗਠਨ ਕੀਤਾ। ਜਿਸ ਵਿੱਚ ਸ਼ੰਕਰ ਖੁਦ ਸਰਗਰਮ ਤੌਰ 'ਤੇ ਸ਼ਾਮਲ ਸੀ। ਇਸ ਪ੍ਰਤੀਯੋਗਤਾ ਵਿੱਚ ਹਜ਼ਾਰਾਂ ਐਂਟਰੀਆਂ ਆਉਣੀਆਂ ਸ਼ੁਰੂ ਹੋ ਗਈਆਂ। ਹਰੇਕ ਐਂਟਰੀ, ਭਾਵੇਂ ਲਿਖਤੀ ਹੋਵੇ ਜਾਂ ਡਰਾਇੰਗ, ਨੂੰ ਪਰਖਿਆ ਜਾਂਦਾ ਅਤੇ ਚੁਣੀਆਂ ਗਈਆਂ ਐਂਟਰੀਆਂ ਨੂੰ ਮੈਡਲ ਅਤੇ ਇਨਾਮ ਦਿੱਤੇ ਜਾਂਦੇ। ਸ਼ੰਕਰ ਨੇ ਆਪਣੇ ਮੈਗਜ਼ੀਨ 'ਸ਼ੰਕਰਜ਼ ਵੀਕਲੀ' ਦਾ ਇੱਕ ਅੰਕ ਇਸ ਮੁਕਾਬਲੇ ਲਈ ਕੇਂਦ੍ਰਿਤ ਕਰ ਦਿੱਤਾ। ਉਸਦੀ ਇੱਕ ਕਾਪੀ ਲੰਡਨ ਟਾਈਮਜ਼ ਨੂੰ ਭੇਜੀ। ਇਸ ਤਰ੍ਹਾਂ ਇਹ ਮੁਕਾਬਲਾ ਅੰਤਰਰਾਸ਼ਟਰੀ ਮੰਚ 'ਤੇ ਆ ਗਿਆ। ਅੱਜ ਵੀ ਇਸ ਨੂੰ 'ਆਨ ਦ ਸਪਾਟ ਪੇਂਟਿੰਗ ਕੰਪੀਟੀਸ਼ਨ' ਦੇ ਤੌਰ 'ਤੇ ਕਰਵਾਇਆ ਜਾਂਦਾ ਹੈ।

ਸ਼ੰਕਰ ਦੇ ਯਤਨਾਂ ਨਾਲ 1957 ਵਿੱਚ 'ਚਿਲਡਰਨ ਬੁੱਕ ਟਰੱਸਟ' ਦੀ ਸਥਾਪਨਾ ਹੋਈ, ਜਿਸਦਾ ਉਦਘਾਟਨ ਤਤਕਾਲੀ ਰਾਸ਼ਟਰਪਤੀ ਡਾ: ਸਰਵਪੱਲੀ ਰਾਧਾਕ੍ਰਿਸ਼ਨਨ ਨੇ ਕੀਤਾ ਸੀ। ਜਿੱਥੇ ਵੱਖ-ਵੱਖ ਗਤੀਵਿਧੀਆਂ ਦੇ ਨਾਲ ਬੱਚਿਆਂ ਨੂੰ ਪੜ੍ਹਨ ਲਈ ਵਿਸ਼ੇਸ਼ ਤੌਰ 'ਤੇ ਅਜਿਹੇ ਸਾਹਿਤ ਪ੍ਰਕਾਸ਼ਿਤ ਕਰਨ ਦੀ ਯੋਜਨਾ ਸੀ ਜਿਸ ਨੂੰ ਪੜ੍ਹ ਕੇ ਬੱਚੇ ਖੁਸ਼ ਹੋਣਗੇ। ਉਸਦਾ ਵਿਚਾਰ ਸੀ ਕਿ ਕਿਤਾਬਾਂ ਮਨੋਰੰਜਕ, ਚੰਗੀ ਤਰ੍ਹਾਂ ਡਿਜ਼ਾਈਨ ਕੀਤੀਆਂ ਅਤੇ ਆਕਰਸ਼ਕ ਦ੍ਰਿਸ਼ਟਾਂਤਾਂ ਨਾਲ ਸ਼ਿੰਗਾਰੀਆਂ ਹੋਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਸ਼ੰਕਰ ਦਾ 'ਚਿਲਡਰਨ ਬੁੱਕ ਟਰੱਸਟ' ਭਾਰਤ ਵਿੱਚ ਬੱਚਿਆਂ ਦੀਆਂ ਕਿਤਾਬਾਂ ਦਾ ਪ੍ਰਮੁੱਖ ਪ੍ਰਕਾਸ਼ਕ ਬਣ ਗਿਆ।

ਇਸ ਤੋਂ ਬਾਅਦ ਸ਼ੰਕਰ ਚੁੱਪ ਨਹੀਂ ਬੈਠਾ। ਉਹ ਮਹਾਨ ਦ੍ਰਿਸ਼ਟੀ ਵਾਲਾ ਆਦਮੀ ਸੀ। ਉਸ ਨੇ ਬੱਚਿਆਂ ਲਈ ਬਹੁਤ ਸਾਰੇ ਸੁਪਨੇ ਬੁਣੇ ਅਤੇ ਉਨ੍ਹਾਂ ਨੂੰ ਸਾਕਾਰ ਕੀਤਾ। ਉਸ ਦੁਆਰਾ ਸ਼ੁਰੂ ਕੀਤਾ ਗਿਆ ਮੁਕਾਬਲਾ ਬਹੁਤ ਪ੍ਰਸਿੱਧ ਹੋਇਆ। ਬੱਚੇ ਅਤੇ ਉਨ੍ਹਾਂ ਦੇ ਮਾਪੇ ਇਸ ਦੀਆਂ ਤਰੀਕਾਂ ਦੀ ਉਡੀਕ ਕਰਦੇ ਰਹਿੰਦੇ ਸਨ। ਉਦੋਂ ਹੀ ਅਜਿਹੀ ਘਟਨਾ ਵਾਪਰੀ ਜਿਸ ਨੇ ਸ਼ੰਕਰ ਨੂੰ ਇਕ ਹੋਰ ਸਫਲਤਾ ਦਿਵਾਈ। ਹੋਇਆ ਇਹ ਕਿ ਹੰਗਰੀ ਦੇ ਤਤਕਾਲੀ ਰਾਜਦੂਤ ਨੇ ਸ਼ੰਕਰ ਨੂੰ ਰਵਾਇਤੀ ਹੰਗਰੀ ਦੇ ਪਹਿਰਾਵੇ ਵਾਲੀ ਮੋਗਯਾਰ ਗੁੱਡੀ ਤੋਹਫੇ ਵਜੋਂ ਦਿੱਤੀ। ਉਨ੍ਹਾਂ ਨੇ ਕਿਹਾ ਕਿ ਮੁਕਾਬਲੇ ਵਿੱਚ ਚੁਣੇ ਜਾਣ ਵਾਲੇ ਕਿਸੇ ਵੀ ਬੱਚੇ ਨੂੰ ਇਹ ਇਨਾਮ ਵਜੋਂ ਦੇ ਦੇਣੀ। ਸ਼ੰਕਰ ਇਸ ਗੁੱਡੀ ਨੂੰ ਪ੍ਰਾਪਤ ਕਰਕੇ ਇੰਨਾ ਖੁਸ਼ ਅਤੇ ਪ੍ਰਭਾਵਿਤ ਹੋਇਆ ਕਿ ਉਸ ਨੇ ਪੂਰੀ ਦੁਨੀਆਂ ਤੋਂ ਪਰੰਪਰਾਗਤ ਗੁੱਡੀਆਂ ਇਕੱਠੀਆਂ ਕਰਨ ਅਤੇ ਇੱਕ ਅਜਾਇਬ ਘਰ ਬਣਾਉਣ ਦਾ ਫੈਸਲਾ ਕੀਤਾ। ਸ਼ੰਕਰ ਨੇ ਰਾਜਦੂਤ ਦੀ ਇਜਾਜ਼ਤ ਨਾਲ ਉਸ ਮੋਗਯਾਰ ਗੁੱਡੀ ਨੂੰ ਆਪਣੇ ਕੋਲ ਰੱਖਿਆ ਅਤੇ ਦੇਸ਼-ਵਿਦੇਸ਼ ਜਾ ਕੇ ਗੁੱਡੀਆਂ ਦੇ ਕਈ ਪਰੰਪਰਾਗਤ ਪਹਿਰਾਵੇ ਇਕੱਠੇ ਕੀਤੇ ਅਤੇ ਗੁੱਡੀਆਂ ਦਾ ਸੰਗ੍ਰਹਿ ਬਣਾ ਕੇ 'ਸ਼ੰਕਰਜ਼ ਇੰਟਰਨੈਸ਼ਨਲ ਡੌਲ ਮਿਊਜ਼ੀਅਮ' ਬਣਾਇਆ। ਜਦੋਂ ਚਿਲਡਰਨ ਬੁੱਕ ਟਰੱਸਟ ਲਈ ਇਮਾਰਤ ਬਣਾਈ ਜਾ ਰਹੀ ਸੀ ਤਾਂ ਉਸ ਨੇ ਇਸ ਮਿਊਜ਼ੀਅਮ ਲਈ ਇਸ ਦਾ ਇਕ ਹਿੱਸਾ ਬਣਾ ਦਿੱਤਾ, ਜੋ ਅੱਜ ਵੀ ਮੌਜੂਦ ਹੈ। ਇਸ ਮਿਊਜ਼ੀਅਮ ਦੀ ਸ਼ੁਰੂਆਤ ਕਰੀਬ 85 ਦੇਸ਼ਾਂ ਦੀਆਂ ਸਾਢੇ ਛੇ ਹਜ਼ਾਰ ਗੁੱਡੀਆਂ ਨਾਲ ਹੋਈ ਸੀ। ਹੁਣ ਇਨ੍ਹਾਂ ਦੀ ਗਿਣਤੀ ਕਈ ਹਜ਼ਾਰ ਹੈ ਅਤੇ ਇੱਥੇ ਹੀ ਉਨ੍ਹਾਂ ਦਾ ਪਹਿਰਾਵਾ ਵੀ ਤਿਆਰ ਹੁੰਦਾ ਹੈ। ਮੈਗਜ਼ੀਨ 'ਸ਼ੰਕਰਜ਼ ਵੀਕਲੀ' ਬੰਦ ਹੋ ਗਿਆ ਸੀ, ਪਰ 1968 ਤੋਂ ਉਸ ਨੇ ਬੱਚਿਆਂ ਲਈ ਸੀ.ਡਬਲਿਊ. (ਚਿਲਡਰਨ ਵਰਲਡ) ਮੈਗਜ਼ੀਨ ਛਾਪਣਾ ਸ਼ੁਰੂ ਕੀਤਾ, ਜੋ ਅਜੇ ਵੀ ਚੱਲ ਰਿਹਾ ਹੈ। 1967 ਵਿਚ ਚਿਲਡਰਨ ਬੁੱਕ ਟਰੱਸਟ ਵਿਚ ਹੀ ਡਾ.ਬੀ.ਸੀ. ਰਾਏ ਮੈਮੋਰੀਅਲ ਚਿਲਡਰਨ ਰੀਡਿੰਗ ਰੂਮ ਅਤੇ ਲਾਇਬ੍ਰੇਰੀ ਦੀ ਸ਼ੁਰੂਆਤ ਹੋਈ।

26 ਦਸੰਬਰ, 1989 ਨੂੰ ਸ਼ੰਕਰ ਦੀ ਮੌਤ 'ਤੇ ਸ਼ਰਧਾਂਜਲੀ ਵਜੋਂ, 1991 ਵਿੱਚ 'ਸ਼ੰਕਰਜ਼ ਅਕੈਡਮੀ ਆਫ਼ ਆਰਟ' ਦੀ ਸਥਾਪਨਾ ਕੀਤੀ ਗਈ, ਜਿੱਥੇ ਆਰਟ, ਬੁੱਕ ਇਲਸਟ੍ਰੇਸ਼ਨ ਅਤੇ ਕੰਪਿਊਟਰ ਗ੍ਰਾਫਿਕਸ ਦਾ ਦੋ ਸਾਲਾ ਕੋਰਸ ਸ਼ੁਰੂ ਕੀਤਾ ਗਿਆ।

ਸ਼ੰਕਰ ਦਾ ਵਿਚਾਰ ਸੀ ਕਿ ਅਧਿਆਪਕਾਂ ਅਤੇ ਵੱਡਿਆਂ ਨੂੰ ਕਦੇ ਵੀ ਬੱਚਿਆਂ ਦੇ ਰਚਨਾਤਮਕ ਕੰਮਾਂ ਵਿੱਚ ਦਖ਼ਲ ਨਹੀਂ ਦੇਣਾ ਚਾਹੀਦਾ। ਉਹਨਾਂ (ਬੱਚਿਆਂ) ਨੂੰ ਖ਼ੁਦ ਆਪਣੀ ਸੂਝ ਦਾ ਪ੍ਰਗਟਾਵਾ ਕਰਨ ਦੇਣਾ ਚਾਹੀਦਾ ਹੈ। ਚਾਹੇ ਉਹ ਡਰਾਇੰਗ ਦਾ ਕੰਮ ਹੋਵੇ ਜਾਂ ਲਿਖਣ ਦਾ। ਬੱਚੇ ਦੁਨੀਆਂ ਦੀਆਂ ਚਿੰਤਾਵਾਂ ਅਤੇ ਉਲਝਣਾਂ ਤੋਂ ਮੁਕਤ ਹੁੰਦੇ ਹਨ। ਜਦੋਂ ਉਨ੍ਹਾਂ ਨੂੰ ਅਜ਼ਾਦ ਛੱਡ ਦਿੱਤਾ ਜਾਂਦਾ ਹੈ, ਤਾਂ ਉਨ੍ਹਾਂ ਦੀ ਕਲਪਨਾ ਅਣਦਿਸਦੇ ਖੇਤਰਾਂ ਵਿੱਚ ਵਿਚਰਦੀ ਹੈ। ਸਾਡੇ ਸਮਾਜਿਕ ਪਾਖੰਡਾਂ ਤੋਂ ਅਛੋਹ ਰਹਿ ਕੇ ਕੇਵਲ ਬੱਚੇ ਹੀ ਮਨੁੱਖਤਾ ਦਾ ਪ੍ਰਗਟਾਵਾ ਕਰ ਸਕਦੇ ਹਨ।

ਸ਼ੰਕਰ ਸ਼ਾਇਦ ਭਾਰਤ ਵਿੱਚ ਸਭ ਤੋਂ ਵੱਧ ਸਨਮਾਨਿਤ ਸ਼ਖਸੀਅਤਾਂ ਵਿੱਚੋਂ ਇੱਕ ਹੈ। ਉਹ ਭਾਵੇਂ ਪ੍ਰਚਾਰ ਤੋਂ ਪਰਹੇਜ਼ ਕਰਨ ਵਾਲਾ ਨਿਮਰ ਅਤੇ ਸਾਦਾ ਵਿਅਕਤੀ ਸੀ, ਪਰ ਪੱਤਰਕਾਰੀ ਅਤੇ ਬਾਲ-ਜਗਤ ਵਿੱਚ ਉਸਦਾ ਯੋਗਦਾਨ ਮਹਿਕ ਵਾਂਗ ਫੈਲ ਰਿਹਾ ਸੀ। ਉਸਨੂੰ ਉਸਦੇ ਕੰਮਾਂ ਲਈ ਭਾਰਤ ਦੇ ਰਾਸ਼ਟਰਪਤੀ ਵੱਲੋਂ 1956 ਵਿੱਚ 'ਪਦਮ ਸ਼੍ਰੀ', 1966 ਵਿੱਚ 'ਪਦਮ ਭੂਸ਼ਣ' ਅਤੇ 1976 ਵਿੱਚ 'ਪਦਮ ਵਿਭੂਸ਼ਣ' ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਬੱਚਿਆਂ ਦੇ ਕੰਮ ਵਿਚ ਯੋਗਦਾਨ ਪਾਉਣ ਅਤੇ ਬੱਚਿਆਂ ਦੀ ਕਲਾ ਰਾਹੀਂ ਅੰਤਰਰਾਸ਼ਟਰੀ ਸਮਝ ਵਿਕਸਿਤ ਕਰਨ ਲਈ ਉਸ ਨੂੰ ਦੇਸ਼-ਵਿਦੇਸ਼ ਤੋਂ ਬਹੁਤ ਸਾਰੇ ਸਨਮਾਨ ਮਿਲੇ, ਜਿਨ੍ਹਾਂ ਵਿੱਚ ਪੋਲੈਂਡ ਦਾ 'ਆਰਡਰ ਆਫ਼ ਸਮਾਈਲ', ਜਰਮਨੀ ਦਾ 'ਆਰਡਰ ਆਫ਼ ਦ ਸੇਂਟ ਫਾਰਚੂਨੇਟ' ਵਿਸ਼ੇਸ਼ ਤੌਰ ਤੇ ਜ਼ਿਕਰਯੋਗ ਹਨ। ਇਸਦੇ ਨਾਲ ਹੀ ਉਸਨੂੰ ਚੈਕੋਸਲੋਵਾਕੀਆ, ਹੰਗਰੀ, ਕੈਨੇਡਾ ਅਤੇ ਅਰਬ ਦੇਸ਼ਾਂ ਦੇ ਸਰਵਉੱਚ ਸਨਮਾਨਾਂ ਨਾਲ ਅਲੰਕ੍ਰਿਤ ਕੀਤਾ ਗਿਆ।

ਬੱਚਿਆਂ ਲਈ ਸ਼ੰਕਰ ਦਾ ਅੰਤਮ ਸੁਪਨਾ 'ਸ਼ੰਕਰਜ਼ ਸੈਂਟਰ ਫਾਰ ਚਿਲਡਰਨ' ਹੈ, ਜਿਸ ਨੂੰ ਉਸਦੇ ਮਿਸ਼ਨ ਦੇ ਅੰਤ ਦੀ ਸ਼ੁਰੂਆਤ ਵਜੋਂ ਵੀ ਦੇਖਿਆ ਜਾ ਸਕਦਾ ਹੈ। ਇਹ ਕੇਂਦਰ ਦਿੱਲੀ ਦੇ ਇੱਕ ਸੁੰਦਰ ਚੁਣੇ ਹੋਏ ਖੇਤਰ ਵਿੱਚ ਸਥਾਪਿਤ ਕੀਤਾ ਜਾਣਾ ਹੈ, ਜਿੱਥੇ ਬੱਚਿਆਂ ਲਈ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਦਾ ਪ੍ਰਸਤਾਵ ਹੈ। ਜਿੱਥੇ ਬੱਚੇ ਰੰਗੀਨ ਕਿਤਾਬਾਂ ਦੀ ਦੁਨੀਆਂ ਵਿੱਚ ਲੀਨ ਹੋ ਜਾਣ, ਖੇਡਣ, ਪੜ੍ਹਨ ਅਤੇ ਇੱਕ ਦੂਜੇ ਨਾਲ ਦੋਸਤੀ ਕਰਨ। ਇਹ 1971 ਦੀ ਗੱਲ ਹੈ ਜਦੋਂ 'ਇਲਸਟ੍ਰੇਟਿਡ ਵੀਕਲੀ' ਦੇ ਇੱਕ ਲੇਖ ਵਿੱਚ ਕਿਸੇ ਨੇ ਸ਼ੰਕਰ ਵੱਲੋਂ ਬੱਚਿਆਂ ਲਈ ਦੇਖੇ ਗਏ ਸੁਪਨਿਆਂ ਬਾਰੇ ਲਿਖਿਆ ਸੀ- 'ਸ਼ੰਕਰ ਵੱਲੋਂ ਚੀਜ਼ਾਂ ਬਾਰੇ ਸੁਪਨੇ ਬੁਣਨਾ ਇੱਕ ਸ਼ੌਕ ਹੈ। ਗੁੱਡੀਆਂ ਇਕੱਠੀਆਂ ਕਰਨ ਦਾ ਜਨੂੰਨ, ਬੱਚਿਆਂ ਲਈ ਚੰਗਾ ਸਾਹਿਤ ਤਿਆਰ ਕਰਨਾ, ਚਿੱਤਰ ਬਣਾਉਣਾ ਅਤੇ ਕਾਰਟੂਨਾਂ ਰਾਹੀਂ ਮਨੁੱਖੀ ਕਮਜ਼ੋਰੀਆਂ ਦਾ ਮਜ਼ਾਕ ਉਡਾਉਣਾ। ਸ਼ੰਕਰ ਸਿਰਫ਼ ਸੁਪਨੇ ਹੀ ਨਹੀਂ ਵੇਖਦਾ ਸੀ, ਸਗੋਂ ਜਦੋਂ ਤੱਕ ਉਹ ਸੁਪਨੇ ਪੂਰੇ ਨਹੀਂ ਹੁੰਦੇ, ਉਹ ਉਨ੍ਹਾਂ ਦਾ ਪਿੱਛਾ ਕਰਦਾ ਰਹਿੰਦਾ ਸੀ।



ਸਾਂਝੀ ਸੋਚ
ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

## Change Of Name ਨਾਮ ਦੀ ਬਦਲੀ

I, Anil S/o Shyam Singh R/o 1211 E Clinton Ave Fresno CA 93704 have changed my name to **ANIL SINGH**. All Concerned Please Note.

ਮੈਂ ਅਨਿਲ ਪੁੱਤਰ ਸ਼ਿਆਮ ਸਿੰਘ 1211 E Clinton Ave Fresno CA 93704 ਦਾ ਰਹਿਣ ਵਾਲਾ ਹਾਂ। ਹੁਣ ਮੈਂ ਆਪਣਾ ਨਾਮ ਬਦਲ ਕੇ **ਅਨਿਲ ਸਿੰਘ** ਰੱਖ ਲਿਆ ਹਾਂ। ਸਾਰੇ ਸਬੰਧਿਤ ਨੋਟ ਕਰਨ।

## Information in Public Interest

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਬਰੰਗ ਰੇਡੀਓ ਪਰਵਾਜ਼ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# ivps

## India Visa & Passport Services

**ਸਾਰੇ ਹੀ ਕੰਮ ਬਹੁਤ ਹੀ ਸਸਤੇ ਰੇਟਾਂ ਤੇ ਕੀਤੇ ਜਾਂਦੇ ਹਨ।**

| ਸੇਵਾਵਾਂ | SERVICES |
| --- | --- |
| ਪਾਸਪੋਰਟ ਨਵਾ ਬਣਾਉਣਾ ਹੋਵੇ ਜਾਂ ਉਸ ਦੀ ਤਰੀਕ ਵਧਾਉਣੀ ਹੋਵੇ | New or Renew Passport Application |
| ਇੰਡੀਆ ਜਾਣ ਲਈ ਵਾਪਸੀ ਪੱਤਰ ਲੈ ਕੇ ਪੱਕੇ ਤੋਰ ਤੇ ਇੰਡੀਆ ਜਾਣਾ ਹੋਵੇ | Emergency Certificate (EC)-Travel Document |
| ਇੰਡੀਆ ਦਾ ਵੀਜ਼ਾ ਲੈਣਾ ਹੋਵੇ | Sticker Visa or Evisa Application |
| Surrender ਸਰਟੀਫਕੇਟ ਲੈਣਾ ਹੋਵੇ | Renunciation/ Surrender Certificate application |
| OCI ਲੈਣ ਵਾਸਤੇ | OCI application |
| ਹੇਠ ਲਿਖੇ ਦਸਤਾਵੇਜ਼ਾਂ ਦੀ ਤਸਦੀਕ ਕਰਾਉਣੀ ਹੋਵੇ<br>• ਪਾਵਰ ਆਫ ਅਟਾਰਨੀ ਅਟੈਸਟ ਕਰਵਾਉਣਾ ਹੋਵੇ<br>• ਲ਼ਾਈਫ ਸਰਟੀਫਕੇਟ ਬਣਾਉਣ ਲਈ<br>• ਜੇਕਰ ਬੱਚਾ ਇੰਡੀਆ ਹੈ ਤਾਂ ਉਸ ਦਾ ਪਾਸਪੋਰਟ ਬਣਾਉਣ ਲਈ ਅਮਰੀਕਾ ਤੋਂ affidavit ਭੇਜਣਾ ਹੋਵੇ<br>• ਅਸਤ ਪਾਉਣ ਲਈ ਇੰਡੀਆ ਲੈਕੇ ਜਾਣ ਲਈ ਪੇਪਰ ਅਟੈਸਟ ਕਰਵਾਉਣੇ ਹੋਣ | Attestations of following documents<br>• Power of Attorney<br>• Life Certificate<br>• Affidavit for child passport to be issued India<br>• Death Documents Attestations - Transportation of Ashes/Mortal Remains to India |

**Surrender Certificate/ Visa ਜਾ Surrender Certificate/OCI ਲੈਣ ਲਈ Package Price ਵੀ ਦਿੰਦੇ ਹਾਂ।**





- ਅਸੀ ਤੁਹਾਡੀ ਸੇਵਾ ਵਿੱਚ 7 days a week ਹਾਜ਼ਰ ਹਾਂ।
- Emergency ਸਮੇਂ ਕਿਸੇ ਵੀ ਸਮੇਂ ਕਾਲ ਕਰੋ ਤੁਹਾਡੀ ਸੇਵਾ ਲਈ 24 ਘੰਟੇ ਹਾਜਰ ਹਾਂ। (Emergency ਸੇਵਾਵਾਂ ਦੇ ਵੱਖਰੇ ਪੈਸੇ ਲਏ ਜਾਣਗੇ)



**ਪਰੇਸ਼ਾਨ ਹੋਣ ਦੀ ਲੋੜ ਨਹੀ ਹੁਣੇ ਕਾਲ ਕਰੋ**

**Boota Singh Basi (209) 303-1260**

# ਗੁਰਦਵਾਰਾ ਸਾਹਿਬ ਸੈਨ ਹੋਜ਼ੇ




## Current Parbandhak Committee Slate Candidates

## ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੇ ਉਮੀਦਵਾਰ

**ELECTION DATE** October 12th, 2025 (Sunday)



| | | | | | | |
|---|---|---|---|---|---|---|
| Bhupinder Singh Dhillon | Dr. Gurinder Pal Singh | Pritam Singh Grewal | Narinder Kaur Maharu | Rajinder Singh Manger | Gurpreet Singh | Sohan Singh Dhanota |
| Sukhdev Singh Bainiwal | Surjit Singh Bains | Harduman Singh Sanghera | Sharanjit Kaur Bhandal | Harparminder Singh Pawar | Jorawar Singh | Dr. Balbir Singh Bains |
| Kuldip Singh Shergill | Kirpal Singh Atwal | Bahadur Singh Deol | Pritpal Kaur | Dr. Harjinder Singh Ladhar | Gurbux Singh Dhillon | Gurpreet Singh Sethi |

**ਸਾਧ ਸੰਗਤ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਜਾਂਦੀ ਹੈ ਇਹਨਾਂ ਉਮੀਦਵਾਰਾਂ ਨੂੰ ਆਪਣਾ ਵੋਟ ਪਾਓ ਅਤੇ ਸੇਵਾ ਕਰਨ ਦਾ ਮੌਕਾ ਦਿਓ**

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**


RANJIV SINGLA PRODUCTIONS
PRESENTS
KARAMJIT ANMOL'S
KURIYAN JAWAN BAPU PRESHAAN 2
ਕੁੜੀਆਂ ਜਵਾਨ ਬਾਪੂ ਪ੍ਰੇਸ਼ਾਨ ੨
STORY & DIRECTED BY
AVTAR SINGH
ਚਮਨ ਚਾਟ ਭੰਡਾਰ
TRAILER RELEASING
TOMORROW
THE NEXT FILM
PRODUCED BY RANJIV SINGLA


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਉੱਘੇ ਮਿਡਵੈਸਟਰਨ ਸਿੱਖ ਧਾਰਮਿਕ ਅਤੇ ਸਮਾਜਿਕ ਮੁੱਦਿਆਂ 'ਤੇ ਚਰਚਾ ਕਰਨ ਲਈ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਮਿਲੇ

ਕੈਲੀਫੋਰਨੀਆ
ਸਾਂਝੀ ਸੋਚ ਬਿਊਰੋ



ਸਿੱਖ ਭਾਈਚਾਰੇ ਦੇ ਸਤਿਕਾਰਯੋਗ ਅਧਿਆਤਮਿਕ ਆਗੂ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦਾ ਮਿਡਵੈਸਟਰਨ ਅਮਰੀਕਾ ਦੀਆਂ ਪ੍ਰਮੁੱਖ ਸਿੱਖ ਸ਼ਖਸੀਅਤਾਂ ਨੇ ਨਿੱਘਾ ਸਵਾਗਤ ਕੀਤਾ। ਆਪਸੀ ਸਤਿਕਾਰ ਅਤੇ ਅਧਿਆਤਮਿਕ ਚਿੰਤਨ ਦੇ ਮਾਹੌਲ ਵਿੱਚ ਹੋਈ ਇਹ ਮੀਟਿੰਗ ਵਿਸ਼ਵਵਿਆਪੀ ਸਿੱਖ ਡਾਇਸਪੋਰਾ ਨਾਲ ਸਬੰਧਤ ਵੱਖ-ਵੱਖ ਮਹੱਤਵਪੂਰਨ ਧਾਰਮਿਕ ਅਤੇ ਰਾਜ ਮਾਮਲਿਆਂ 'ਤੇ ਕੇਂਦ੍ਰਿਤ ਸੀ। ਮੌਜੂਦ ਲੋਕਾਂ ਵਿੱਚ ਪ੍ਰਸਿੱਧ ਭਾਰਤੀ-ਅਮਰੀਕੀ ਅਰਬਪਤੀ ਅਤੇ ਪਰਉਪਕਾਰੀ ਦਰਸ਼ਨ ਸਿੰਘ ਧਾਲੀਵਾਲ ਵੀ ਸ਼ਾਮਲ ਸਨ, ਜਿਨ੍ਹਾਂ ਨੇ ਜਥੇਦਾਰ ਦਾਦੂਵਾਲ ਦੀ ਸਿੱਖ ਧਾਰਮਿਕ ਮਾਮਲਿਆਂ ਪ੍ਰਤੀ ਅਟੁੱਟ ਵਚਨਬੱਧਤਾ ਦੀ ਸ਼ਲਾਘਾ ਕੀਤੀ। ਸਿਰਫ਼ ਪੰਜ ਡਾਲਰਾਂ ਨਾਲ ਅਮਰੀਕਾ ਪਹੁੰਚਣ ਤੋਂ ਲੈ ਕੇ ਇੱਕ ਸਫਲ ਕਾਰੋਬਾਰੀ ਮੈਗਨੇਟ ਬਣਨ ਤੱਕ ਦੇ ਆਪਣੇ ਪ੍ਰੇਰਨਾਦਾਇਕ ਸਫ਼ਰ ਲਈ ਜਾਣੇ ਜਾਂਦੇ ਧਾਲੀਵਾਲ ਨੇ ਜਥੇਦਾਰ ਦੀ ਅਗਵਾਈ ਅਤੇ ਸਮਰਪਣ ਦੀ ਪ੍ਰਸ਼ੰਸਾ ਕੀਤੀ। "ਜਥੇਦਾਰ ਦਾਦੂਵਾਲ ਦੀ ਆਵਾਜ਼ ਸਿੱਖ ਪੰਥ ਦੀ ਜ਼ਮੀਰ ਨੂੰ ਦਰਸਾਉਂਦੀ ਹੈ। ਨਿਆਂ, ਏਕਤਾ ਅਤੇ ਵਿਸ਼ਵਾਸ ਲਈ ਉਨ੍ਹਾਂ ਦੇ ਅਣਥੱਕ ਯਤਨ ਸੱਚਮੁੱਚ ਸ਼ਲਾਘਾਯੋਗ ਹਨ," ਧਾਲੀਵਾਲ ਨੇ ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ। ਇਸ ਇਕੱਠ ਨੇ ਹੋਰ ਮੱਧ-ਪੱਛਮੀ ਸਿੱਖ ਆਗੂਆਂ ਨੂੰ ਵਿਸ਼ਵਾਸ, ਭਾਈਚਾਰਕ ਵਿਕਾਸ ਅਤੇ ਵਿਸ਼ਵ ਮਾਮਲਿਆਂ ਵਿੱਚ ਸਿੱਖ ਸੰਸਥਾਵਾਂ ਦੀ ਵਿਕਸਤ ਹੋ ਰਹੀ ਭੂਮਿਕਾ ਦੇ ਮੁੱਦਿਆਂ 'ਤੇ ਖੁੱਲ੍ਹੀ ਗੱਲਬਾਤ ਵਿੱਚ ਸ਼ਾਮਲ ਹੋਣ ਲਈ ਇੱਕ ਪਲੇਟਫਾਰਮ ਵੀ ਪ੍ਰਦਾਨ ਕੀਤਾ। ਜਥੇਦਾਰ ਦਾਦੂਵਾਲ ਨੇ ਸਮਰਥਨ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਏਕਤਾ, ਅਧਿਆਤਮਿਕ ਕਦਰਾਂ-ਕੀਮਤਾਂ ਅਤੇ ਭਾਈਚਾਰਕ ਸੇਵਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਮੀਟਿੰਗ ਅੰਤਰ-ਭਾਈਚਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਦੁਨੀਆ ਭਰ ਵਿੱਚ ਸਿੱਖ ਸਿਧਾਂਤਾਂ ਨੂੰ ਕਾਇਮ ਰੱਖਣ ਦੇ ਸਮੂਹਿਕ ਸੰਕਲਪ ਨਾਲ ਸਮਾਪਤ ਹੋਈ।

# ਸ਼ਹੀਦ ਊਧਮ ਸਿੰਘ ਅਤੇ ਮੁਹੰਮਦ ਰਫੀ ਦੀ ਯਾਦ 'ਚ ਹੋਇਆ ਸਾਹਿਤਕ ਅਤੇ ਸੰਗੀਤਕ ਸਮਾਗਮ




ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਗਲੋਅ ਬੱਲ ਆਰਟ ਕ੍ਰੀਏਸ਼ਨਜ਼ ਵੱਲੋਂ ਜਨਵਾਦੀ ਲੇਖਕ ਸੰਘ ਦੇ ਸਹਿਯੋਗ ਨਾਲ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ ਅਤੇ ਮੁਹੰਮਦ ਰਫੀ ਦੀ ਬਰਸੀ 'ਤੇ ਸਾਹਿਤਕ ਅਤੇ ਸਗੀਤਕ ਸਮਾਗਮ ਦਾ ਅਯੋਜਨ ਕੀਤਾ ਗਿਆ। ਜਸਪਾਲ ਸਿੰਘ ਬੱਲ ਦੇ ਗ੍ਰਿਹ ਵਿਖੇ ਹੋਏ ਇਸ ਸੰਖੇਪ ਪਰ ਅਰਥ ਭਰਪੂਰ ਸਮਾਗਮ ਦਾ ਆਗਾਜ਼ ਆਰਟ ਕ੍ਰੀਏਸ਼ਨਜ਼ ਦੇ ਪ੍ਰਧਾਨ ਡਾ. ਮਨਜੀਤ ਸਿੰਘ ਬੱਲ ਦੇ ਸਵਾਗਤੀ ਸਬਦਾਂ ਨਾਲ ਹੋਇਆ। ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਸ਼ਹੀਦ ਊਧਮ ਸਿੰਘ ਦੇ 86ਵੇਂ ਸ਼ਹੀਦੀ ਦਿਵਸ ਤੇ ਯਾਦ ਕਰਦਿਆਂ ਕਿਹਾ ਸ਼ਹੀਦ ਊਧਮ ਸਿੰਘ ਵਲੋਂ 21 ਵਰ੍ਹਿਆਂ ਬਾਅਦ ਜਲ੍ਹਿਆਂ ਵਾਲੇ ਬਾਗ ਦੇ ਖੂਨੀ ਸਾਕੇ ਦਾ ਲਿਆ ਬਦਲਾ ਸਾਨੂੰ ਹਮੇਸ਼ਾ ਦੇਸ ਪ੍ਰਤੀ ਹਿੰਮਤ ਅਤੇ ਦ੍ਰਿੜਤਾ ਵਾਲੇ ਸੰਕਲਪ ਦੀ ਯਾਦ ਦਿਵਾਉਂਦਾ ਹੈ। ਨੇਤਰ ਸਰਜਨ ਅਤੇ ਸਾਹਿਤਕਾਰ ਡਾ ਬਲਜੀਤ ਸਿੰਘ ਢਿੱਲੋਂ ਨੇ ਕਿਹਾ ਸਾਨੂੰ ਹਮੇਸ਼ਾ ਸ਼ਹੀਦਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਜਿਨ੍ਹਾਂ ਦੀ ਬਦੌਲਤ ਅਸੀਂ ਅਜਾਦੀ ਦਾ ਨਿੱਘ ਮਾਣ ਰਹੇ ਹਾਂ। ਸ਼ਾਇਰ ਅਤੇ ਪ੍ਰਸ਼ਾਸਨਿਕ ਅਧਿਕਾਰੀ ਬਲਵਿੰਦਰ ਸਿੰਘ ਕਾਸ਼ ਨੇ ਵੀ ਸ਼ਹੀਦ ਊਧਮ ਸਿੰਘ ਹੋਰਾਂ ਦੀ ਕੁਰਬਾਨੀ ਨੂੰ ਯਾਦ ਕੀਤਾ। ਮੁਹੰਮਦ ਰਫੀ ਦੀ ਯਾਦ ਵਿਚ ਕਰਵਾਈ ਗਈ ਇਸ ਸੰਗੀਤਕ ਪ੍ਰੋਗਰਾਮ ਵਿਚ ਮਨਜੀਤ ਸਿੰਘ ਬੱਲ, ਜਸਪਾਲ ਸਿੰਘ, ਜੋਰਾ ਬੱਲ, ਮੋਹਨ ਬਆਲਾ, ਅਨਿਲ ਮਹਿਰਾ, ਰਜਵੰਤ ਸਿੰਘ,ਜਗੀਰ ਸਿੰਘ, ਇੰਦਰਜੀਤ ਕੌਰ, ਮਨਜਿੰਦਰ ਸਿੰਘ ਅਤੇ ਉਮੀਦ ਕੌਰ ਆਦਿ ਨੇ ਮੁਹੰਮਦ ਰਫੀ ਦੇ ਗਾਏ ਸਦ- ਬਹਾਰ ਨਗਮੇ ਤਰੁੰਨਮ ਵਿਚ ਗਾ ਕੇ ਮਹਿਫ਼ਲ ਨੂੰ ਸੰਗੀਤਕ ਮਹੌਲ ਬਖ਼ਸ਼ਿਆ। ਇਸ ਮੌਕੇ ਡਾ ਬਲਜੀਤ ਸਿੰਘ ਢਿੱਲੋਂ ਦੀ ਕਥਾ ਪੁਸਤਕ ਯੱਖ ਰਾਤ ਦੀ ਮੌਤ ਵੀ ਲੋਕ ਅਰਪਿਤ ਕੀਤੀ ਗਈ।

# ਖਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਰਾਜਨੀਤੀ ਸ਼ਾਸਤਰ ਵਿਸ਼ੇ ਵਿੱਚ ਯੂਜੀਸੀ-ਨੈੱਟ ਪ੍ਰੀਖਿਆ ਪਾਸ ਕੀਤੀ

ਅੰਮ੍ਰਿਤਸਰ
ਅੰਤਿਮਾ ਮਹਿਰਾ



ਡਾ. ਦਵਿੰਦਰ ਸਿੰਘ ਐਚ ਓ ਡੀ, ਰਾਜਨੀਤੀ ਸ਼ਾਸਤਰ, ਖਾਲਸਾ ਕਾਲਜ ਅੰਮ੍ਰਿਤਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਜਨੀਤੀ ਵਿਗਿਆਨ ਅਤੇ ਲੋਕ ਪ੍ਰਸ਼ਾਸਨ ਵਿਭਾਗ ਦੇ ਪੀਜੀ ਵਿਭਾਗ ਦੀਆਂ ਦੋ ਵਿਦਿਆਰਥਣਾਂ, ਪਲਕਦੀਪ ਕੌਰ ਅਤੇ ਪਰਵੀਨ ਕੌਰ ਨੇ ਪਹਿਲੀ ਕੋਸ਼ਿਸ਼ ਵਿੱਚ ਵੱਕਾਰੀ ਯੂਜੀਸੀ-ਨੈੱਟ ਪ੍ਰੀਖਿਆ ਵਿੱਚ ਸਫਲਤਾਪੂਰਵਕ ਪਾਸ ਹੋ ਕੇ ਖਾਲਸਾ ਕਾਲਜ ਅੰਮ੍ਰਿਤਸਰ ਦਾ ਨਾਮ ਰੌਸ਼ਨ ਕੀਤਾ। ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਆਸ਼ੀਰਵਾਦ ਦਿੱਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਰਾਜਨੀਤੀ ਸ਼ਾਸਤਰ ਵਿਭਾਗ ਦੇ ਫੈਕਲਟੀ ਮੈਂਬਰਾਂ ਨੂੰ ਵੀ ਵਧਾਈ ਦਿੱਤੀ। ਕਾਲਜ ਦੇ ਵਿਭਾਗ ਦੇ ਮੁਖੀ ਡਾ. ਦੇਵੇਂਦਰ ਸਿੰਘ ਅਤੇ ਹੋਰ ਫੈਕਲਟੀ ਮੈਂਬਰਾਂ ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਦੋਵਾਂ ਵਿਦਿਆਰਥੀਆਂ ਨੇ ਕਾਲਜ ਅਤੇ ਰਾਜਨੀਤੀ ਸ਼ਾਸਤਰ ਦੇ ਅਧਿਆਪਕਾਂ ਦਾ ਉਨ੍ਹਾਂ ਦੇ ਅਕਾਦਮਿਕ ਕਾਰਜ ਵਿੱਚ ਅਧਿਆਪਨ ਅਤੇ ਲਾਇਬ੍ਰੇਰੀ ਸਹੂਲਤਾਂ ਪ੍ਰਦਾਨ ਕਰਨ ਲਈ ਧੰਨਵਾਦ ਕੀਤਾ।

# ਈ.ਡੀ. ਵੱਲੋਂ ਅਨਿਲ ਅੰਬਾਨੀ ਨੂੰ 5 ਅਗਸਤ ਲਈ ਸੰਮਨ

## 3000 ਕਰੋੜ ਰੁਪਏ ਦਾ ਬੈਂਕ ਕਰਜ਼ਾ ਧੋਖਾਧੜੀ ਮਾਮਲਾ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਐਨਫੋਰਸਮੈਂਟ ਡਾਇਰੈਕਟੋਰੇਟ ਨੇ ਰਿਲਾਇੰਸ ਗਰੁੱਪ ਦੇ ਚੇਅਰਮੈਨ ਅਨਿਲ ਅੰਬਾਨੀ ਨੂੰ ਮਨੀ ਲਾਂਡਰਿੰਗ ਘੁਟਾਲੇ ਨਾਲ ਜੁੜੇ ਕਥਿਤ 3000 ਕਰੋੜ ਰੁਪਏ ਦੇ ਬੈਂਕ ਕਰਜ਼ਾ ਧੋਖਾਧੜੀ ਮਾਮਲੇ ਵਿਚ ਪੁੱਛ ਪੜਤਾਲ ਲਈ 5 ਅਗਸਤ ਨੂੰ ਸੰਮਨ ਕੀਤਾ ਹੈ। ਇਸ ਤੋਂ ਪਹਿਲਾਂ ਏਜੰਸੀ ਨੇ 24 ਜੁਲਾਈ ਨੂੰ ਕੇਸ ਨਾਲ ਸਬੰਧਤ 50 ਤੋਂ ਵੱਧ ਕੰਪਨੀਆਂ ਤੇ 25 ਤੋਂ ਵੱਧ ਵਿਅਕਤੀਆਂ ਦੇ ਟਿਕਾਣਿਆਂ 'ਤੇ ਛਾਪੇ ਮਾਰੇ ਸਨ। ਜਾਂਚ ਏਜੰਸੀ ਦੇ ਸੀਨੀਅਰ ਅਧਿਕਾਰੀਆਂ ਮੁਤਾਬਕ ਮਨੀ ਲਾਂਡਰਿੰਗ ਕੇਸ ਦੀ ਜਾਂਚ ਨੈਸ਼ਨਲ ਹਾਊਸਿੰਗ ਬੈਂਕ, ਸੇਬੀ, ਨੈਸ਼ਨਲ ਫਾਇਨਾਂਸ਼ੀਅਲ ਰਿਪੋਰਟਿੰਗ ਅਥਾਰਿਟੀ (ਐੱਨ.ਐੱਫ.ਆਰ.ਏ.) ਤੇ ਬੈਂਕ ਆਫ਼ ਬੜੌਦਾ ਜਿਹੀਆਂ ਸੰਸਥਾਵਾਂ ਵਲੋਂ ਸਾਂਝੀ ਕੀਤੀ ਜਾਣਕਾਰੀ ਤੇ ਸੀ.ਬੀ.ਆਈ. ਵੱਲੋਂ ਪਹਿਲਾਂ ਦਰਜ ਐਫ.ਆਈ.ਆਰਜ਼ 'ਤੇ ਹੀ ਆਧਾਰਿਤ ਹੈ। ਈ.ਡੀ. ਮੁਤਾਬਕ ਜਾਂਚ ਤੋਂ ਯੋਜਨਾਬੱਧ ਸਕੀਮ ਦਾ ਪਰਦਾਫਾਸ਼ ਕੀਤਾ ਗਿਆ ਹੈ, ਜਿਸ ਵਿਚ ਲੋਕਾਂ ਦੇ ਪੈਸੇ ਦੀ ਗੈਰਕਾਨੂੰਨੀ ਵਰਤੋਂ ਅਤੇ ਕਥਿਤ ਬੈਂਕਾਂ, ਸ਼ੇਅਰਧਾਰਕਾਂ, ਨਿਵੇਸ਼ਕਾਂ ਅਤੇ ਹੋਰ ਵਿੱਤੀ ਸੰਸਥਾਵਾਂ ਨਾਲ ਧੋਖਾਧੜੀ ਸ਼ਾਮਲ ਹੈ। ਏਜੰਸੀ ਯੈੱਸ ਬੈਂਕ ਦੇ ਅਧਿਕਾਰੀਆਂ, ਜਿਸ ਵਿਚ ਇਸ ਦੇ ਪ੍ਰਮੋਟਰ ਵੀ ਸ਼ਾਮਲ ਹਨ, ਨਾਲ ਜੁੜੇ ਰਿਸ਼ਵਤਖੋਰੀ ਦੇ ਦੋਸ਼ਾਂ ਦੀ ਵੀ ਜਾਂਚ ਕਰ ਰਹੀ ਹੈ। ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ 2017 ਅਤੇ 2019 ਦੇ ਵਿਚਕਾਰ ਯੈੱਸ ਬੈਂਕ ਤੋਂ ਕਰੀਬ 3,000 ਕਰੋੜ ਰੁਪਏ ਦੇ ਕਰਜ਼ੇ ਗੈਰ-ਕਾਨੂੰਨੀ ਤੌਰ 'ਤੇ ਡਾਇਵਰਟ ਕੀਤੇ ਗਏ ਸਨ।





SAMRA
REAL ESTATE GROUP
LET US GUIDE YOU HOME
ਘਰ ਖਰੀਦਣ ਜਾਂ ਵੇਚਣ ਦੇ
ਚਾਹਵਾਨ ਇੱਕ ਵਾਰ
ਸਾਨੂੰ ਜਰੂਰ ਮਿਲੋ
COMMERCIAL
and
RESIDENTIAL
industrial
Agriculture Land
Liquor Stores
Gas Stations
Apartments,
Commercial Buildings ਖਰੀਦਣ ਜਾਂ ਵੇਚਣ ਲਈ ਮਿਲੋ
Jass Samra
REALTOR BROKER
Residential &
Commercial
(317) 513-9456
jsamra@jassamra.com
www.jassamra.com
8555 N. River Rd. Suite
200 Indianapolis, IN 46240
Real Estate Lic Number Each Office Independently Owned And Operated
REALTOR


SANJHA PUNJAB & AMRIT BOTHERS ENTERTAINMENT
PROUDLY PRESENTS
SANJHA ਪੰਜਾਬ USA
JOGI LIVE
KANWAR GREWAL
SUNDAY
17 AUGUST
Time : 7.00 PM
THE BOB HOPE THEATRE
242 E Mains St. Stockton, CA 95202
LIVE IN CONCERT
STOCKTON
For More Info & Tickets Please Contact
SURINDER MAHAY
408-620-2470
BALWINDER S. BAJWA
516-852-2222
SANTOKH JUDGE
925-487-4679


Gillson TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com

# ਕੇਂਦਰ ਅਤੇ ਰਾਜ ਸਰਕਾਰ ਵਿਰੁੱਧ ਪੈਨਸ਼ਨ ਵਿਹੂਣੇ ਕਰਮਚਾਰੀਆਂ ਨੇ ਕੱਢਿਆ ਰੋਸ ਮਾਰਚ

## ਪੁਰਾਣੀ ਪੈਂਨਸ਼ਨ ਬਹਾਲੀ ਸੰਘਰਸ਼ ਕਮੇਟੀ ਅਤੇ ਸੀ ਪੀ ਈ ਐਫ ਯੂਨੀਅਨ ਵੱਲੋਂ ਪੰਜਾਬ ਭਰ ਵਿੱਚ ਜਬਰਦਸਤ ਐਕਸ਼ਨ

**ਅੰਮ੍ਰਿਤਸਰ**
**ਡਾ.ਰਾਜਿੰਦਰ ਰਿਖੀ**

ਅੱਜ ਜ਼ਿਲ੍ਹਾ ਅੰਮ੍ਰਿਤਸਰ ਦੇ ਐਨ ਪੀ ਐਸ ਕਰਮਚਾਰੀਆਂ ਲਈ ਪੁਰਾਣੀ ਪੈਂਨਸ਼ਨ ਬਹਾਲ ਕਰਾਉਣ ਲਈ ਸੰਘਰਸ਼ ਕਰ ਰਹੀਆਂ ਪੰਜਾਬ ਦੀਆਂ ਸਿਰਮੌਰ ਜੱਥੇਬੰਦੀਆਂ ਨੇ ਪੰਜਾਬ ਸਰਕਾਰ ਅਤੇ ਕੇਂਦਰ ਦੀ ਮੋਦੀ ਹਕੂਮਤ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਵਿੱਚ ਕੀਤੀ ਜਾ ਬੇਲੋੜੀ ਦੇਰੀ ਦੇ ਰੋਸ ਕਾਰਨ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਖ਼ਿਲਾਫ਼ ਰੋਹ ਭਰਪੂਰ ਰੋਸ ਮਾਰਚ ਕੱਢਿਆ।

ਜ਼ਿਲ੍ਹਾ ਕਨਵੀਨਰ ਡਾ ਸੰਤਸੇਵਕ ਸਿੰਘ ਸਰਕਾਰੀਆ, ਰਣਬੀਰ ਸਿੰਘ ਉੱਪਲ, ਹਰਵਿੰਦਰ ਸਿੰਘ ਸੁਲਤਾਨਵਿੰਡ, ਅਮਰਜੀਤ ਸਿੰਘ ਕਲੇਰ, ਹਰਜਿੰਦਰਪਾਲ ਸਿੰਘ ਪੰਨੂ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ ਵੱਲੋਂ ਦੇਸ਼ ਪੱਧਰ ਤੇ ਦਿੱਤੇ ਪ੍ਰੋਗਰਾਮ ਨੂੰ ਦੋਵੇਂ ਜੱਥੇਬੰਦੀਆਂ ਨੇ ਮਿਲ ਕੇ ਜ਼ਿਲ੍ਹਾ ਪੱਧਰੀ ਰੋਸ ਮਾਰਚ ਕੀਤਾ ਹੈ।

ਨੈਸ਼ਨਲ ਮੂਵਮੈਂਟ ਫਾਰ ਓਲਡ ਪੈਂਨਸ਼ਨ ਦੇ ਦਿੱਤੇ ਪ੍ਰੋਗਰਾਮ ਦੀ ਲੜੀ ਤਹਿਤ ਅੱਜ ਦੇਸ਼ ਦੇ ਹਰ ਜਿਲਾ ਹੈਡ ਕੁਆਰਟਰ ਤੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਐਨਪੀਐਸ ਅਤੇ ਯੂਪੀਐਸ ਦੀ ਵਿਰੋਧਤਾ ਅਤੇ ਨਿਜੀਕਰਨ ਦੇ ਵਿਰੁੱਧ ਇੱਕ ਦਿਨਾਂ ਰੋਸ ਮਾਰਚ ਕੱਢਿਆ ਜਾ ਰਿਹਾ ਹੈ।

ਇਸ ਸੰਘਰਸ਼ ਨੂੰ ਅੱਗੇ ਤੋਰਦਿਆਂ 5 ਸਤੰਬਰ 2025 ਨੂੰ ਅਧਿਆਪਕ ਦਿਵਸ ਮੌਕੇ ਦੇਸ਼ ਦੇ ਹਰ ਜਿਲਾ ਹੈਡ ਕੁਆਰਟਰ ਤੇ ਇੱਕ ਦਿਨਾਂ ਭੁੱਖ ਹੜਤਾਲ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਰੱਖੀ ਜਾਵੇਗੀ ਅਤੇ 1 ਅਕਤੂਬਰ 2025 ਨੂੰ ਸੋਸ਼ਲ ਮੀਡੀਆ ਤੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਮੁਹਿੰਮ ਚਲਾਈ ਜਾਵੇਗੀ।25 ਨਵੰਬਰ 2025 ਨੂੰ ਦਿੱਲੀ ਵਿਖੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਐਨਪੀਐਸ ਅਤੇ ਯੂਪੀਐਸ ਵਿਰੋਧਤਾ ਅਤੇ ਨਿੱਜੀਕਰਨ ਦੇ ਵਿਰੁੱਧ ਕੌਮੀ ਪਧਰੀ ਰੈਲੀ ਕੀਤੀ ਜਾਵੇਗੀ ਜਿਸ ਵਿੱਚ ਦੇਸ਼ ਭਰ ਦੇ ਐਨਪੀਐਸ ਮੁਲਾਜ਼ਮ ਭਾਗ ਲੈਣਗੇ।

ਰਕੇਸ਼ ਕੁਮਾਰ ਬਾਬੋਵਾਲ, ਗੁਰਿੰਦਰ ਸਿੰਘ ਘੁੱਕੇਵਾਲੀ, ਬੋਬਿੰਦਰ ਸਿੰਘ, ਮੈਡਮ ਰਾਜਬੇਦੀ, ਅਮਰੀਕ ਸਿੰਘ, ਸੁੱਚਾ ਸਿੰਘ ਟਰਪਈ, ਅਜੇ ਡੋਗਰਾ, ਹੀਰਾ ਸਿੰਘ ਭੱਟੀ, ਰੁਪਿੰਦਰ ਕੌਰ ਸੰਧੂ ਨੇ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਨੋਟੀਫਿਕੇਸ਼ਨ ਕਰ ਪੁਰਾਣੀ ਪੈਨਸ਼ਨ ਬਹਾਲੀ ਤੋਂ ਭੱਜ ਰਹੀ ਹੈ।

ਉਥੇ ਹੀ ਕੇਂਦਰ ਸਰਕਾਰ ਤੇ ਛੱਤੀਸਗੜ੍ਹ ਦੀ ਬੀਜੇਪੀ ਸਰਕਾਰ ਨੇ ਰਾਜ ਵਿੱਚ ਮੁੜ ਰਾਜ ਵਿੱਚ ਯੂਪੀਐਸ ਲਾਗੂ ਕਰ ਐਨਪੀਐਸ ਕਰਮਚਾਰੀਆਂ ਦੇ ਜ਼ਖ਼ਮਾਂ ਤੇ ਲੂਣ ਛਿੜਕ ਰਹੀ ਹੈ।



ਇਸ ਮੌਕੇ ਸੁਲਤਾਨਪਾਲ ਸਿੰਘ, ਬਿਕਰਮਜੀਤ ਮੱਖਣਵਿੰਡੀ, ਮੰਗਲ ਸਿੰਘ ਟਾਂਡਾ, ਕੁਲਬੀਰ ਸਿੰਘ ਨਾਗ ਨਵੇਂ, ਸਤਨਾਮ ਸਿੰਘ ਛੀਨਾ, ਬਲਦੇਵ ਸਿੰਘ ਮਜੀਠਾ, ਨਵਦੀਪ ਬਦੇਸ਼ਾ, ਅਮਰਦੀਪ ਸਿੰਘ ਰਈਆ, ਬਿਕਰਮਜੀਤ ਸਿੰਘ ਚੀਮਾ, ਯਾਦਵਿੰਦਰ ਸਿੰਘ ਸੰਧੂ, ਜਰਨੈਲ ਸਿੰਘ ਅਜਨਾਲਾ, ਤਰਸੇਮ ਲਾਲ, ਸਮੀਰ ਪਾਠਕ, ਲਖਬੀਰ ਸਿੰਘ, ਮਨਦੀਪ ਸਿੰਘ, ਹਰਮਨਜੀਤ ਸਿੰਘ ਨਾਗ, ਗੁਰਮੀਤ ਸਿੰਘ, ਜਗਦੀਪ ਸਿੰਘ ਜਲਾਲਪੁਰਾ, ਜਗਦੀਪ ਸਿੰਘ ਕੱਥੂਨੰਗਲ, ਸੁਖਦੇਵ ਸਿੰਘ ਅਜਨਾਲਾ, ਰਾਜਬੀਰ ਕੌਰ ਬੋਪਾਰਾਏ, ਸੁਨੀਤਾ, ਸੋਨੂੰ ਚੋਪੜਾ, ਦਵਿੰਦਰ ਕੌਰ, ਰਾਜਵਿੰਦਰ ਕੌਰ, ਪਰਮਿੰਦਰ ਕੌਰ, ਇੰਦਰਜੀਤ ਕੌਰ, ਹਰਜਿੰਦਰ ਕੌਰ ਆਦਿ ਹਾਜ਼ਰ ਸਨ

# ਭਾਰਤੀ ਕੌਂਸਲੇਟ ਜਨਰਲ ਸਨ ਫਰਾਂਸਿਸਕੋ ਵੱਲੋਂ ਨਵੇਂ ਇੰਡੀਅਨ ਕੌਂਸਲਰ ਐਪਲੀਕੇਸ਼ਨ ਸੈਂਟਰ ਦਾ ਉਦਘਾਟਨ















**ਸਨ ਫਰਾਂਸਿਸਕੋ**
**ਸਾਂਝੀ ਸੋਚ ਬਿਊਰੋ**

ਭਾਰਤ ਦੇ ਕੌਂਸਲੇਟ ਜਨਰਲ, ਸੈਨ ਫਰਾਂਸਿਸਕੋ ਵੱਲੋਂ ਸੈਨ ਹੋਜ਼ੇ ਵਿੱਚ ਇੱਕ ਨਵੇਂ ਇੰਡੀਅਨ ਕੌਂਸਲਰ ਐਪਲੀਕੇਸ਼ਨ ਸੈਂਟਰ ਦੀ ਸ਼ੁਰੂਆਤ ਦਾ ਐਲਾਨ ਕੀਤਾ ਗਿਆ, ਜੋ ਸੈਨ ਹੋਜ਼ੇ ਅਤੇ ਆਲੇ-ਦੁਆਲੇ ਦੇ ਭਾਰਤੀ ਭਾਈਚਾਰੇ ਦੀ ਸੇਵਾ ਕਰਨ ਲਈ ਪਹੁੰਚ ਕੇਂਦਰ ਹੋਵੇਗਾ। ਭਾਰਤ ਦੇ ਰਾਜਦੂਤ ਐਚ. ਈ. ਸ਼੍ਰੀ ਵਿਨੈ ਕਵਾਤਰਾ ਨੇ ਅਮਰੀਕਾ ਭਰ ਵਿੱਚ ਹੋਰ ਨਵੇਂ ICACs ਦੇ ਨਾਲ ਸੈਂਟਰ ਦਾ ਵਰਚੁਅਲ ਉਦਘਾਟਨ ਕੀਤਾ। ਸੈਨ ਹੋਜ਼ੇ ਵਿੱਚ ICAC ਵਿਖੇ, ਕੌਂਸਲ ਜਨਰਲ ਡਾ. ਸ਼੍ਰੀਕਰ ਰੈਡੀ ਡਾਇਸਪੋਰਾ ਨੇਤਾਵਾਂ ਨਾਲ ਸ਼ਾਮਲ ਹੋਏ।ਹੁਣ ਸੈਨ ਹੋਜ਼ੇ ਵਿੱਚ ਪਾਸਪੋਰਟ, ਵੀਜ਼ਾ,ੱਛੀ, ਪਾਵਰ ਆਫ਼ ਅਟਾਰਨੀ, ਜਨਮ ਅਤੇ ਵਿਆਹ ਸਰਟੀਫਿਕੇਟ, ਤਸਦੀਕ, NORI I/II/III, PCC (ਵਿਦੇਸ਼ੀ ਨਾਗਰਿਕਾਂ ਲਈ), ਜੀਵਨ ਸਰਟੀਫਿਕੇਟ (ਗੈਰ-ਪੈਨਸ਼ਨ) ਅਤੇ ਹੋਰ ਬਹੁਤ ਕੁਝ। ਫਾਰਮ ਭਰਨਾ, ਫੋਟੋਆਂ, ਫੋਟੋਕਾਪੀ, ਅਤੇ ਵਾਪਸੀ ਕੋਰੀਅਰ ਸੇਵਾ, ਆਦਿ ਵਰਗੀਆਂ ਕਈ ਨਵੀਆਂ ਸੇਵਾਵਾਂ ਬਿਨਾਂ ਕਿਸੇ ਵਾਧੂ ਕੀਮਤ ਦੇ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਸੈਨ ਹੋਜ਼ੇ ICAC: Suite D100, 1580-1630 ਓਲਡ ਓਕਲੈਂਡ ਰੋਡ, ਸੈਨ ਹੋਜ਼ੇ, CA

# ਅਮਰੀਕਾ ਵੱਲੋਂ ਕਰਾਚੀ 'ਚ ਹਾਈ ਅਲਰਟ ਜਾਰੀ, ਚੀਨੀ ਹਿੱਤਾਂ 'ਤੇ ਬਲੋਚ ਆਤਮਘਾਟੀ ਹਮਲੇ ਦਾ ਖਤਰਾ

**ਵਾਸ਼ਿੰਗਟਨ**
**ਸਾਂਝੀ ਸੋਚ ਬਿਊਰੋ**

ਅਮਰੀਕਾ ਨੇ ਪਾਕਿਸਤਾਨ ਦੇ ਕਰਾਚੀ ਸ਼ਹਿਰ ਅਤੇ ਆਲੇ-ਦੁਆਲੇ ਦੇ ਇਲਾਕਿਆਂ 'ਚ ਸੁਰੱਖਿਆ ਨੂੰ ਲੈ ਕੇ ਹਾਈ ਅਲਰਟ ਜਾਰੀ ਕੀਤਾ ਹੈ। ਰਿਪੋਰਟਾਂ ਮੁਤਾਬਕ, ਬਲੋਚ ਵਿਦਰੋਹੀ ਸਮੂਹਾਂ ਵੱਲੋਂ ਚੀਨੀ ਨਾਗਰਿਕਾਂ ਅਤੇ ਚੀਨ ਨਾਲ ਜੁੜੇ ਪ੍ਰਾਜੈਕਟਾਂ (ਜਿਵੇਂ-ਬੰਦਰਗਾਹ, ਨਿਰਮਾਣ, ਊਰਜਾ ਪ੍ਰਾਜੈਕਟਾਂ ਆਦਿ) ਨੂੰ ਨਿਸ਼ਾਨਾ ਬਣਾਏ ਜਾਣ ਦਾ ਖਦਸ਼ਾ ਹੈ।

ਖੁਫੀਆ ਸੂਤਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਬਲੋਚ 'ਫਿਦਾਇਨ' ਯਾਨੀ ਆਤਮਘਾਤੀ ਹਮਲਾਵਰ ਕਿਸੇ ਵੀ ਸਮੇਂ ਹਮਲਾ ਕਰ ਸਕਦੇ ਹਨ। ਇਸ ਕਾਰਨ ਅਮਰੀਕੀ ਨਾਗਰਿਕਾਂ ਅਤੇ ਸੰਸਥਾਵਾਂ ਨੂੰ ਕਰਾਚੀ ਅਤੇ ਉਸਦੇ ਨਜ਼ਦੀਕੀ ਇਲਾਕਿਆਂ 'ਚ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਹੈ।

ਬਲੋਚ ਵਿਦਰੋਹੀ ਸਮੂਹ ਲੰਬੇ ਸਮੇਂ ਤੋਂ ਪਾਕਿਸਤਾਨ 'ਚ ਚੀਨ ਦੀ ਮੌਜੂਦਗੀ ਅਤੇ ਨਿਵੇਸ਼ ਦਾ ਵਿਰੋਧ ਕਰਦੇ ਰਹੇ ਹਨ।

ਉਨ੍ਹਾਂ ਦਾ ਮੰਨਣਾ ਹੈ ਕਿ ਇਨ੍ਹਾਂ ਪ੍ਰਾਜੈਕਟਾਂ ਨਾਲ ਸਥਾਨਕ ਲੋਕਾਂ ਨੂੰ ਫਾਇਦਾ ਨਹੀਂ ਹੁੰਦਾ ਅਤੇ ਉਨ੍ਹਾਂ ਦੇ ਸਾਧਨਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ।


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN
FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


Punjabi Cultural Society of Tracy
18th Annual Tracy Teeyan
Sunday August 3, 2025
Ladies Only
I.P.F.E.S. Portuguese Hall of Tracy, 400 W 9th St. Tracy, CA
With
Miss Pooja
ਵੇ ਮੈਂ ਪਰੀਆਂ ਤੋਂ ਵੱਧ ਸੋਹਣੀ
Hosted by
Asha Sharma
MEDIA PARTNER
SANJHI SOCH
Our Valuable Sponsors
PLATINUM
SAHI REALTY
CATERING
KHADIM JEWELERS
TRACY LIQUOR
LATHROP LIQUOR
SUBWAY
PAUL DAVIS
GOLD
Chevron
Dentistry
ROAD KING
ADVANCED Trucking
SANSAR
GOLD
KRUSS TRUCKING
CHADHA CONSTRUCTION CO. INC.
SUNRISE TRUCKING
Park Avenue Cleaners
CURRY PIZZA HOUSE
TRANSFORMING MINDS
DIAMOND
SUBWAY
SILVER
R3 RAUNAK BAZAR
Kamal Transport
Satinder Gill
TRY-US TRANSPORTATION INC.
SILVER
Rajwinder Bal
Thank You For Your Sponsorship
LEHERIYA DESIGNS
SP SIDHU PRODUCTION
RANJIT
FOR SPONSORSHIP AND PARTICIPATION PLEASE CONTACT
Tajinder Muhar (209) 640-9521
TICKET
$10.00 AFTER 3 PM | $25 KIDS UNDER 5 YEAR FREE
ਇਸ ਵਾਰ ਪਹਿਲਾਂ ਹੀ ਸਾਰੇ Vendors Book ਹਨ

# SUNSHINE AUTO CARE INC.

**WE REPAIR ALL MAKES & MODELS. AUTO, DIESEL TRUCK & TRAILERS**

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español

We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA · MasterCard · AMERICAN EXPRESS · DISCOVER NETWORK





**1003 Moffat Blvd, Manteca CA 95336**

# 209-239-1551



Chevron

# TRUCK STOP

OPEN PARKING, DELI, SHOWER, LAUNDRY

• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ



We accept all major fleet cards, credit cards including, Visa, MC, AE, Discover, Voyag and Writer Express.

(Or $9 off Chevron In-Store Purchase)

ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।

Contact :
BALRAJ SINGH PANNU
541-942-0105

Chevron

1250, Gateway Blvd. Cottage, OR 97424,
Ph : 541-942-4142 Fax : 541-942-9668



# PIONEER VILLA



Chevron

TRUCK PLAZA

MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE

WE ACCEPT-TCH T-CHECK
COM CHECK - EFS -
ALL MAJOR CREDIT CARDS

PREETI PANNU
(541) 369-2801
FAX (541) 369-3810

33180 HWY 228 HALSEY, OR 97348

# ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਸਰੀ ਯੂਨਿਟ ਨੇ ਕਰਵਾਇਆ 20ਵਾਂ ਤਰਕਸ਼ੀਲ ਮੇਲਾ

ਸਰੀ (ਕੈਨੇਡਾ)
ਸਾਂਝੀ ਸੋਚ ਬਿਊਰੋ

ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਕੈਨੇਡਾ ਦੇ ਸਰੀ ਯੂਨਿਟ ਵੱਲੋਂ ਬੀਤੇ ਦਿਨ ਸਰੀ ਆਰਟ ਸੈਂਟਰ ਵਿਖੇ 20ਵਾਂ ਸਾਲਾਨਾ ਤਰਕਸ਼ੀਲ ਮੇਲਾ ਕਰਵਾਇਆ ਗਿਆ। ਮੇਲੇ ਵਿਚ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਡਾ: ਸੁਰਿੰਦਰ ਸ਼ਰਮਾ ਵੱਲੋਂ ਲਿਖਿਆ ਅਤੇ ਨਿਰਦੇਸ਼ਿਤ ਕੀਤਾ ਨਾਟਕ 'ਦੋ ਰੋਟੀਆਂ' ਖੇਡਿਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਰੀ ਯੂਨਿਟ ਦੇ ਪ੍ਰਧਾਨ ਜਸਵਿੰਦਰ ਹੇਅਰ ਦੇ ਸਵਾਗਤੀ ਸ਼ਬਦਾਂ ਨਾਲ ਹੋਈ।

ਉਨ੍ਹਾਂ ਦਰਸ਼ਕਾਂ ਅਤੇ ਪ੍ਰੋਗਰਾਮ ਦੀ ਆਰਥਿਕ ਮਦਦ ਕਰਨ ਵਾਲੇ ਸਪੌਂਸਰਜ਼ ਦਾ ਧੰਨਵਾਦ ਕੀਤਾ ਅਤੇ ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਕੌਮੀ ਸਰਪ੍ਰਸਤ ਅਵਤਾਰ ਬਾਈ ਦੀਆਂ ਘਾਲਣਾਵਾਂ ਨੂੰ ਸਿਜਦਾ ਕੀਤਾ। ਸਟੇਜ ਸਕੱਤਰ ਨਿਰਮਲ ਕਿੰਗਰਾ ਨੇ ਆਤਮਾ ਅਤੇ ਰੱਬ ਆਦਿ ਦੀ ਹੋਂਦ ਦੀ ਧਾਰਨਾ ਨੂੰ ਉਦਾਹਰਨਾਂ ਸਹਿਤ ਰੱਦ ਕੀਤਾ। ਇੰਜ: ਪਿਆਰਾ ਸਿੰਘ ਚਾਹਲ ਅਤੇ ਮਾਸਟਰ ਮਨਜੀਤ ਮੱਲ੍ਹਾ ਨੇ ਲੋਕ ਪੱਖੀ ਗੀਤਾਂ ਨੂੰ ਸੁਰੀਲੇ ਸੁਰ ਪ੍ਰਦਾਨ ਕੀਤੇ। ਤਰਕਸ਼ੀਲ ਸੁਸਾਇਟੀ ਯੂਨਿਟ ਐਬਸਫੋਰਡ ਦੇ ਪ੍ਰਧਾਨ ਡਾ: ਸੁਖਦੇਵ ਮਾਨ ਨੇ ਕੌਮੀ ਤਰਕਸ਼ੀਲ ਆਗੂ ਡਾ: ਬਲਜਿੰਦਰ ਸੇਖੋਂ ਦੇ ਅਚਾਨਕ ਸਦੀਵੀ ਵਿਛੋੜੇ ਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਉਨ੍ਹਾਂ ਦੀ ਜ਼ਿੰਦਗੀ ਬਾਰੇ ਚਾਨਣਾ ਪਾਇਆ।

ਅਵਤਾਰ ਬਾਈ ਨੇ ਆਪਣੇ ਸੰਬੋਧਨ ਰਾਹੀਂ ਸਭ ਦਾ ਧੰਨਵਾਦ ਕਰਦਿਆਂ ਲੁਕਾਈ ਨੂੰ ਵਹਿਮਾਂ, ਭਰਮਾਂ ਸਮੇਤ ਹਰ ਕਿਸਮ ਦੀ ਲੁੱਟ ਦੇ ਖ਼ਿਲਾਫ਼ ਅੱਖਾਂ ਖੋਲ੍ਹ ਕੇ ਰੱਖਣ ਅਤੇ ਮੱਥੇ ਸੋਚਣ ਲਈ ਵਰਤਣ ਦੀ ਅਪੀਲ ਕੀਤੀ। ਲਗਾਤਾਰ ਬਿਮਾਰ ਰਹਿਣ ਕਰ ਕੇ ਆਈ ਸਰੀਰਕ ਕੰਮਜ਼ੋਰੀ ਦੇ ਬਾਵਜੂਦ ਪੂਰੀ ਤਨਦੇਹੀ ਨਾਲ ਸਰਗਰਮ ਭੂਮਿਕਾ ਨਿਭਾਉਂਦੇ ਹੋਇਆਂ ਉਨ੍ਹਾਂ ਸਿੱਧ ਕਰ ਦਿਖਾਇਆ ਕਿ ਜਦੋਂ ਤੱਕ ਸਾਡੇ ਦਿਮਾਗ ਵਿਚ ਕੁਝ ਕਰਨ ਦੀ ਇੱਛਾ ਹੁੰਦੀ ਹੈ ਓਦੋਂ ਤੱਕ ਇਨਸਾਨ ਬੁੱਢਾ ਨਹੀਂ ਹੁੰਦਾ। ਉਨ੍ਹਾਂ ਉਘੇ ਸ਼ਾਇਰ ਕਵਿੰਦਰ ਚਾਂਦ ਦੀ ਸ਼ਾਇਰੀ ਦੇ ਇਸ ਸ਼ੇਅਰ ਨਾਲ ਆਪਣੀ ਗੱਲ ਖਤਮ ਕੀਤੀ ਕਿ 'ਓ ਸ਼ਾਇਰੋ, ਕਲਮਕਾਰੋ ਤੇ ਅਦਾਕਾਰੋ, ਬੋਲੋ ਹੁਣ ਬੋਲਣ ਦਾ ਸਮਾਂ ਹੈ'। ਪ੍ਰੋਗਰਾਮ ਦੇ ਮੁੱਖ ਬੁਲਾਰੇ, ਪ੍ਰਸਿੱਧ ਖੇਤੀ ਬਾੜੀ - ਅਰਥ ਸ਼ਾਸ਼ਤਰੀ ਡਾ: ਅਮਰਜੀਤ ਭੁੱਲਰ ਨੇ ਧਰਮਾਂ ਦੀ ਆਪਸੀ ਨਫਰਤ 'ਚੋਂ ਉਪਜੇ ਸਿੱਟਿਆਂ ਤੇ ਇਸ ਕਾਰਨ ਬੀਤੇ ਸਮਿਆਂ ਵਿੱਚ ਵਿਰੋਧੀ ਧਰਮਾਂ ਦੇ ਕਤਲੇਆਮ ਦੀਆਂ ਉਦਾਹਰਨਾਂ ਦਿੰਦਿਆਂ ਆਮ ਲੋਕਾਂ ਨੂੰ ਵਿਗਿਆਨਿਕ ਸੋਚ ਅਪਨਾਉਣ ਦਾ ਸੁਨੇਹਾ ਦਿੱਤਾ ਤੇ ਕਿਹਾ ਕਿ ਆਰਥਿਕ ਬਰਾਬਰੀ ਹੀ ਮਨੁੱਖ ਨੂੰ ਮੁਕਤੀ ਦੁਆ ਸਕਦੀ ਹੈ।



ਨਾਟਕ 'ਦੋ ਰੋਟੀਆਂ' ਵਿਚ ਪੰਜਾਬ ਤੋਂ ਕੈਨੇਡਾ ਆ ਰਹੇ ਵਿਦਿਆਰਥੀਆਂ ਦੀ ਕੈਨੇਡਾ ਵਿਚ ਕਾਰੋਬਾਰੀਆਂ, ਕਿਰਾਏਦਾਰਾਂ ਵੱਲੋਂ ਕੀਤੇ ਜਾਂਦੇ ਸੋਸ਼ਣ, ਕੰਮ ਨਾ ਮਿਲਣ ਕਰ ਕੇ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਣਾ, ਹੋਰ ਦੁਸ਼ਵਾਰੀਆਂ ਦਾ ਸਾਹਮਣਾ ਨਾ ਕਰ ਸਕਣਾ ਅਤੇ ਨਸ਼ਿਆਂ ਨੂੰ ਸਹਾਰਾ ਬਣਾ ਲੈਣ ਦੀ ਪੇਸ਼ਕਾਰੀ ਦੇ ਨਾਲ ਨਾਲ ਸਮਾਜ ਵਿਚਲੇ ਵਹਿਮਾਂ ਭਰਮਾਂ ਅਤੇ ਹੋਰ ਕਈ ਵਰਤਾਰਿਆਂ ਉੱਪਰ ਕਰਾਰੀ ਚੋਟ ਕੀਤੀ ਗਈ ਅਤੇ ਬਰਾਬਰੀ ਦਾ ਸਮਾਜ ਸਿਰਜਣ ਦਾ ਸੁਨੇਹਾ ਦਿੱਤਾ ਗਿਆ। ਸਿਮਰਨ, ਬੀਰ ਬਟਾਲਵੀ, ਅਮਰਦੀਪ ਸਿੱਧੂ, ਬਲਵਿੰਦਰ ਕੌਰ ਗਰੇਵਾਲ, ਰਵੀ ਲੰਗਾਹ, ਗੁਰਮੇਲ ਗਿੱਲ, ਨਵਲਪ੍ਰੀਤ ਰੰਗੀ ਅਤੇ ਪ੍ਰਿੰਸ ਗੋਸਵਾਮੀ ਨੇ ਆਪਣੀ ਕਲਾ ਰਾਹੀਂ ਦਰਸ਼ਕਾਂ ਦੀ ਮਾਨਸਿਕਤਾ ਨੂੰ ਧੁਰ ਅੰਦਰ ਤੀਕ ਝੰਜੋੜਿਆ। ਡਾ: ਨਵਦੀਪ ਬਰਾੜ ਤੇ ਤਾਰਿਸ਼ ਨੇ ਲਾਈਟ ਅਤੇ ਮਿਊਜ਼ਿਕ ਰਾਹੀਂ ਵੱਡਮੁੱਲਾ ਯੋਗਦਾਨ ਦਿੱਤਾ। ਪ੍ਰਿੰਸ ਗੋਸਵਾਮੀ ਦਾ ਪਾਗਲ ਵਾਲਾ ਰੋਲ ਸਾਡੇ ਭਾਰਤੀ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਵਿਅੰਗਾਤਮਿਕ ਚੋਟ ਸੀ ਜਿਸ ਨੂੰ ਵੀ ਬਹੁਤ ਸਲਾਹਿਆ ਗਿਆ। ਤਰਕਸ਼ੀਲ ਸੁਸਾਇਟੀ ਸਰੀ ਯੂਨਿਟ ਦੇ ਸਕੱਤਰ ਪਰਮਜੀਤ ਸਿੱਧੂ ਵੱਲੋਂ ਜਾਰੀ ਪ੍ਰੈਸ ਨੋਟ ਵਿਚ ਕਿਹਾ ਗਿਆ ਹੈ ਕਿ ਸੁਸਾਇਟੀ ਭਵਿੱਖ ਵਿਚ ਵੀ ਲੋਕਾਂ ਦੇ ਮਸਲਿਆਂ ਨਾਲ ਸੰਬੰਧਤ ਅਤੇ ਸੋਚ ਬਦਲਣ ਦੇ ਅਜਿਹੇ ਉਪਰਾਲੇ ਜਾਰੀ ਰੱਖੇਗੀ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਮੌਕੇ ਬਾਬਾ ਬਕਾਲਾ ਵਿਖੇ ਹੋਵੇਗਾ ਵੱਡਾ ਧਾਰਮਿਕ ਸਮਾਗਮ

## ਅੰਮ੍ਰਿਤਸਰ ਜ਼ਿਲ੍ਹੇ ਵਿੱਚ ਕੀਤੇ ਜਾਣਗੇ ਦੋ ਵੱਡੇ ਸਮਾਗਮ- ਸੌਂਦ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਹਿੰਦ ਦੀ ਚਾਦਰ, ਨੌਵੇਂ ਗੁਰੂ , ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਉਣ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਜੋ ਡਿਊਟੀ ਮੰਤਰੀ ਸਾਹਿਬਾਨ ਨੂੰ ਦਿੱਤੀ ਗਈ ਹੈ, ਦੇ ਚਲਦੇ ਅੱਜ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ, ਕੈਬਨਿਟ ਮੰਤਰੀ ਸ ਤਰਨਪ੍ਰੀਤ ਸਿੰਘ ਸੌਂਦ, ਸੈਰ ਸਪਾਟਾ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਤੇ ਡਾਇਰੈਕਟਰ ਸੰਜੀਵ ਤਿਵਾੜੀ ਨੇ ਜਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ, ਜ਼ਿਲਾ ਪੁਲਿਸ ਮੁਖੀ ਮਨਿੰਦਰ ਸਿੰਘ ਤੇ ਸਾਰੇ ਵਿਭਾਗਾਂ ਨੂੰ ਨਾਲ ਲੈ ਕੇ ਬਾਬਾ ਬਕਾਲਾ ਸਾਹਿਬ ਦਾ ਦੌਰਾ ਕੀਤਾ। ਉਹਨਾਂ ਨੇ ਕਰਵਾਏ ਜਾਣ ਵਾਲੇ ਯਾਦਗਾਰੀ ਸਮਾਗਮ ਦੇ ਸਥਾਨ ਦੀ ਚੋਣ ਅਤੇ ਮਾਝਾ ਖੇਤਰ ਦੀ ਯਾਤਰਾ ਜੋ ਕਿ ਗੁਰਦਾਸਪੁਰ ਤੋਂ ਅਨੰਦਪੁਰ ਸਾਹਿਬ ਜਾਣੀ ਹੈ, ਦੇ ਸਵਾਗਤ ਲਈ ਬਾਬਾ ਬਕਾਲਾ ਸਾਹਿਬ ਵਿਖੇ ਕੀਤੀਆਂ ਜਾਣ ਵਾਲੀਆਂ ਤਿਆਰੀਆਂ ਦਾ ਜਾਇਜ਼ਾ ਲਿਆ।

ਇਸ ਮੌਕੇ ਸੰਬੋਧਨ ਕਰਦੇ ਸੈਰ ਸਪਾਟਾ ਮੰਤਰੀ ਤਰਨਪ੍ਰੀਤ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਵਿੱਚ ਬਾਬਾ ਬਕਾਲਾ ਸਾਹਿਬ ਵਿਖੇ ਵੱਡੇ ਧਾਰਮਿਕ ਸਮਾਗਮ ਕਰਵਾਏ ਜਾਣਗੇ। ਉਹਨਾਂ ਕਿਹਾ ਕਿ ਇਹਨਾਂ ਸਮਾਗਮਾਂ ਦੀਆਂ ਤਿਆਰੀਆਂ ਦੀ ਸਮੀਖਿਆ ਰੋਜ਼ਾਨਾ ਮੁੱਖ ਮੰਤਰੀ ਪੰਜਾਬ ਕਰਦੇ ਹਨ, ਸੋ 19 ਨਵੰਬਰ ਤੋਂ ਲੈ ਕੇ 25 ਨਵੰਬਰ ਤੱਕ ਕਰਵਾਏ ਜਾਣ ਵਾਲੇ ਸਮਾਗਮਾਂ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਉਹਨਾਂ ਨੇ ਸਾਰੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਇਹ ਕੰਮ ਡਿਊਟੀ ਨਹੀਂ ਸੇਵਾ ਸਮਝ ਕੇ ਕਰਨ।



ਇਸ ਮੌਕੇ ਸੰਬੋਧਨ ਕਰਦੇ ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਸਾਡੇ ਕੋਲ ਕੰਮ ਕਰਨ ਲਈ ਕੇਵਲ 40 ਵਰਕਿੰਗ ਦਿਨ ਹਨ, ਸੋ ਇਹ ਕੰਮ ਅੱਜ ਤੋਂ ਹੀ ਸ਼ੁਰੂ ਕਰ ਦਿੱਤੇ ਗਏ ਹਨ। ਸਾਡੀਆਂ ਟੀਮਾਂ ਵਿਉਂਤਬੰਦੀ ਕਰ ਰਹੀਆਂ ਹਨ, ਜਿਹੜੇ ਵੀ ਰਸਤੇ, ਸੜਕਾਂ ਬਣਨ ਵਾਲੇ ਹਨ, ਉਹਨਾਂ ਦਾ ਕੰਮ ਤਰਜੀਹ ਆਧਾਰ ਉੱਤੇ ਸ਼ੁਰੂ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ 5 ਸਤੰਬਰ ਨੂੰ ਅਨੰਦਪੁਰ ਸਾਹਿਬ ਵਿਖੇ ਭਾਈ ਜੈਤਾ ਜੀ ਦੀ ਯਾਦਗਰ ਦੇ ਉਦਘਾਟਨ ਨਾਲ ਇਹ ਸਮਾਗਮ ਸ਼ੁਰੂ ਹੋ ਜਾਣਗੇ। ਉਹਨਾਂ ਸਾਰੇ ਭਾਈਚਾਰਿਆਂ ਨੂੰ ਮਿਲ ਕੇ ਇਹ ਸਮਾਗਮ ਮਨਾਉਣ ਦਾ ਸੱਦਾ ਦਿੱਤਾ।

